ਮਘਦੇ ਹਰਫ਼

ਕਾਵਿ ਸੰਗ੍ਰਹਿ

ਇਸੇ ਕਲਮ ਤੋਂ

: 'ਖੁਰਦੀਆਂ ਕੰਧਾਂ' ਸਾਂਝਾ ਮਿੰਨੀ ਕਹਾਣੀ ਸੰਗ੍ਰਹਿ, ਸਾਲ-1999
: 'ਇੱਕੋ ਰਾਹ ਦੇ ਪਾਂਧੀ' ਸਾਂਝਾ ਮਿੰਨੀ ਕਹਾਣੀ ਸੰਗ੍ਰਹਿ, ਸਾਲ-2000
: ਕਿਰਨਾਂ ਸਾਂਝਾ ਮਿੰਨੀ ਕਹਾਣੀ ਸੰਗ੍ਰਹਿ , ਸਾਲ-2000
: '20ਵੀਂ ਸਦੀ ਦੀਆਂ ਪ੍ਰਤੀਨਿਧ ਮਿੰਨੀ ਕਹਾਣੀਆਂ' ਸਾਂਝਾ ਮਿੰਨੀ ਕਹਾਣੀ ਸੰਗ੍ਰਹਿ, ਸਾਲ -2000
: 'ਕਿਰਨਾਂ ਦਾ ਕਬੀਲਾ', ਸਾਂਝਾ ਕਾਵਿ ਸੰਗ੍ਰਹਿ ਤੇ ਸਾਂਝੀ ਸੰਪਾਦਨਾਂ ਦੀਪ ਜ਼ੀਰਵੀ, ਪਰਮਜੀਤ ਰਾਮਗੜ੍ਹੀਆ, ਅੰਜੂ ਵੀ. ਰੱਤੀ
: ਡਰਾਇੰਗ ਵਿਸ਼ੇ ਦਾ ਸਿਲੇਬਸ ਸਾਲ : 2014
: ਕਿਣ ਮਿਣ ਸਾਂਝਾ ਮਿੰਨੀ ਕਹਾਣੀ ਸੰਗ੍ਰਹਿ , 2015
: ਕਿਰਦੀ ਜਵਾਨੀ ਸਾਂਝਾ ਮਿੰਨੀ ਕਹਾਣੀ ਸੰਗ੍ਰਹਿ , 2015
: ਸ਼ਬਦ ਸੰਵਾਦ ਸਾਝਾਂ ਕਾਵਿ-ਸੰਗ੍ਰਹਿ 2015
: ਲੜੀਏਂ ਪਰੋਏ ਮੋਤੀ ਸਾਝਾਂ ਕਾਵਿ-ਸੰਗ੍ਰਹਿ 2015
: ਅੱਡੋ ਅੱਡ ਭਾਰਤੀ/ਪਾਕਿਸਤਾਨੀ ਪੱਤਰਕਾਵਾਂ ਵਿੱਚ ਪ੍ਰਵਾਨਿਤ
: ਕੰਮੀਆਂ ਦਾ ਵੇਹੜਾ (ਕੈਪਸ਼ਨਜ਼) ਪ੍ਰੈਸ 'ਚ ਛਪਾਈ ਅਧੀਨ

ਵਿਸ਼ੇਸ਼ ਪ੍ਰਾਪਤੀ :

: ਅਦਬੀ ਪਰਿਕਰਮਾਂ ਵਲੋਂ ਮਿੰਨੀ ਕਹਾਣੀ 'ਸ਼ਿਕਾਰ' ਨੂੰ ਦੂਸਰਾ ਅੰਤਰਰਾਸ਼ਟਰੀ ਸਾਹਿਤਕ ਐਵਾਰਡ।
: ਦੂਰਦਰਸ਼ਨ ਜਲੰਧਰ ਦੇ ਪ੍ਰੋਗਰਾਮ ਨਵਰੰਗ 'ਚ ਸ਼ਿਰਕਤ।
: ਰੇਡੀਓ ਸਟੇਸਨ ਜਲੰਧਰ ਦੇ ਪ੍ਰੋਗਰਾਮ ਯੁਵ-ਬਾਣੀ ਵਿੱਚ 'ਕਵੀ ਦਰਵਾਰ' 'ਚ ਸ਼ਿਰਕਤ
: ਰੇਡੀਓ ਸਟੇਸਨ ਬਠਿੰਡਾ ਦੇ ਪ੍ਰੋਗਰਾਮ ਯੁਵਾ-ਬਾਣੀ ਵਿੱਚ 'ਕਵੀ ਦਰਵਾਰ' 'ਚ ਸ਼ਿਰਕਤ
: ਰੇਡੀਓ ਪੰਜਾਬ ਟੂਡੇ, ਅਤੇ ਸੁਰ ਸੰਗਮ ਰੇਡੀਓ ਤੇ ਵਿਸ਼ੇਸ਼ ਇੰਟਰਵਿਊ
: 28 ਵਾਰ ਖੂਨਦਾਨ ਲਈ ਐਵਾਰਡ ਬਠਿੰਡਾ।
: ਸਰੀਰ ਦਾਨ (ਸਾਲ 2014)
: ਸਟੇਟ ਐਵਾਰਡ, ਪੰਜਾਬ ਸਰਕਾਰ ਵੱਲੋਂ (ਸਾਲ 2014)
: ਡੀ.ਜੀ.ਐੱਸ.ਈ. (ਪੰਜਾਬ) ਵਲੋਂ ਪੰਜਾਬ ਦੇ ਡਰਾਇੰਗ ਵਿਸ਼ੇ ਦਾ ਸਿਲੇਬਸ ਪੂਰੇ ਪੰਜਾਬ 'ਚ ਲਾਗੂ

ਮਘਦੇ ਹਰਫ਼

ਪਰਮਜੀਤ ਰਾਮਗੜ੍ਹੀਆ

ਸਾਹਿਬਦੀਪ ਪ੍ਰਕਾਸ਼ਨ ਭੀਖੀ (ਮਾਨਸਾ)
ਪੰਜਾਬ-151504

3/-ਮਘਦੇ ਹਰਫ਼

Maghde Haraph

Paramjit Singh
Literary Name: Paramjit Ramgarhia
#20051/A MCB:12651
Jujhar Singh Nagar
Bathinda, Punjab (India)
Mob:9256110001, 9417172832
Email:paramjit00011@gmail.com

ISBN:978-93-84717-70-4

Price:₹150

© (Author-2016)

Paperback
Printed & Bound in India
Shiv Shakty Printer Dehli

First Edition: 2016

SAHIBDEEP PUBLICATON,
BHIKHI (MANSA)-INDIA
-151504
MOB.099889-13155,
Email-sahibdeep2013@gmail.com

www.facebook.com/pages/Sahibdeep-Publication-bhikhi

All rights are reserved. No Part of this publication may be reproduced, stored in a retrieval system or transmitted, in any form or by any means, mechanical, photocopying, recording or otherwise, without prior written permission of the author and publisher.

ਸਮਰਪਣ

ਮੇਰੇ ਕਿਰਤੀ ਮਾਤਾ-ਪਿਤਾ
ਹਮਸਫ਼ਰ,
ਬੇਟੇ ਗੁਰਪ੍ਰੀਤ, ਹਰਪ੍ਰੀਤ
ਅਤੇ
ਜਿਨ੍ਹਾਂ ਤੋਂ ਅੱਖਰ ਗਿਆਨ ਲਿਆ ਤੇ ਅੱਗੇ ਵੰਡਿਆ
ਮੇਰੇ ਅਧਿਆਪਕ ਅਤੇ ਮੇਰੇ ਵਿਦਿਆਰਥੀ
ਮੇਰੇ ਸਾਹਿਤਕ ਗੁਰੂ
ਜੋ ਮੇਰਾ ਸਮੇਂ-ਸਮੇਂ
ਰਾਹ-ਦੁਸੇਰਾ ਬਣਦੇ ਗਏ।

---o---

ਤਤਕਰਾ

ਜਗਤ ਜਲੰਦੇ ਦੀ ਫਿਕਰਮੰਦੀ ਹੈ ਪਰਮਜੀਤ ਦੀ ਕਵਿਤਾ/9
'ਮਘਦੇ ਹਰਫ਼' ਨਾਲ ਜਾਣ ਪਹਿਚਾਣ/14
ਸ਼ਿਲਪਕਲਾ ਤੋਂ ਕਲਮ ਤੱਕ ਦਾ ਸਫ਼ਰ/23
ਮਾਂ-ਬੋਲੀ-ਪੰਜਾਬੀ/26
ਕਵਿਤਾ/27
ਤ੍ਰਾਸਦੀ/28
ਜ਼ਮਾਨਾ ਕੈਸਾ ਹੈ/30
ਤੇ ਜਦੋਂ ਚੁੱਪ ਤਿੜਕੀ/32
ਮਜ਼ਦੂਰ ਦਿਵਸ/33
ਮਘਦੇ ਹਰਫ਼/35
ਸਮੇਂ ਦਾ ਸੱਚ/37
ਸਲਾਮ ਭਗਤ ਸਿਆਂ/38
ਸੰਕਲਪ/39
ਸਧਰਾਂ ਦਾ ਅੰਤ/40
ਰਾਹ-ਦਸੇਰੇ/41
ਕੁਝ ਸਵਾਲ ਰਾਜਨੀਤੀ ਨੂੰ/42
ਕੱਠ-ਪੁੱਤਲੀ/44
ਭੁਚਾਲ/46
ਕਲਮ ਦੇ ਗਰਭ 'ਚੋਂ/48
ਕਰਜ਼ਾਈ/50
ਕਲਮ ਖ਼ਾਮੋਸ਼/52
ਕਲਮ ਦਾ ਸਫ਼ਰ/54
ਦੁਸਹਿਰਾ/55
ਦਿਲ ਦੇ ਮਹਿਰਮ ਨੂੰ/57
ਬੇੜੀਆਂ/58
ਬੇਬੱਸ ਅੰਨਦਾਤਾ/59
ਬਸ ਐਵੇਂ ਹੀ/60
ਅਸਲੋਂ-ਸੱਚ/61

ਆਪਣੇ/62
ਅਦਬੀ ਸੱਚ/63
ਅੱਖਰ/64
ਇਹ ਕੂੰਜਾਂ/65
ਮੈਂ ਲੋਕ ਅਮਾਨਤ ਹਾਂ/66
ਨੰਨ੍ਹੀ ਜ਼ਿੰਦ/67
ਰਮਜ਼ਾਂ/68
ਉਧਮ ਸਿਆਂ/68
ਪੈਮਾਨਾ/70
ਸੱਚੋ-ਸੱਚ/71
ਤਕਰਾਰ/72
ਜ਼ਜ਼ਬਾਤ/73
ਇੰਝ ਵੀ ਹੁੰਦੈ/74
ਡਰ/75
ਭੁੱਜਣਾ/76
ਭਾਗਹੀਣ/77
ਧੀ/78
ਦੋਸਤ/79
ਮਹਿੰਗਾਈ/80
ਯਾਰਾ/81
ਉਸਾਰੂ ਆਲੋਚਨਾ/82
ਕੇਹੀ ਪੱਤਝੜ/83
ਸੋਚ ਤੋਂ ਵੀ ਪਰ੍ਹੇ/84
ਇਕਾਂਤ 'ਚ/85
ਬਿਰਹੜਾ/86
ਰਿਮਝਿਮ ਰਿਮਝਿਮ/88
ਪੀੜ ਹਿਜ਼ਰ ਦੀ/89
ਨਿਹੋਰਾ/90

ਨਸੀਅਤ/92
ਚੁੱਪ ਦੀ ਹੂਕ/93
ਔਕਾਤ/94
ਅੰਬਰ ਦੇ ਤਾਰੇ/95
ਤਾਕਤ/96
ਐਗਜ਼ਿਟ ਪੋਲ/97
ਅਸਲੀ ਘਰ/98
ਮੇਰਾ ਬਚਪਨ/99
ਬਿਰਧ ਮਾਂ/101
ਜ਼ਿਗਰਾ/102
ਆ ਸਾਕੀ ਆ/103
ਕਾਰਗਿਲ ਦੀ ਜੰਗ/104
ਕਦੋਂ ਤੱਕ/105
ਕੁੱਝ ਸ਼ਬਦ/106
ਲੋਹੜੀ ਮੁਬਾਰਕ/107
ਮਹਿਕ/108
ਨੰਨ੍ਹੀ ਛਾਂ/109
ਰੋਸ/110
ਅਲੋਪ ਰੰਗ/111

“ਜਗਤ ਜਲੰਦੇ ਦੀ ਫਿਕਰਮੰਦੀ, ਪਰਮਜੀਤ ਦੀ ਕਵਿਤਾ”

ਗੁਰਬਾਣੀ ਦੀ ਇਸ ਪਵਿੱਤਰ ਤੁਕ ਦੇ ਵਿਸ਼ੇਸ਼ ਅਰਥ ਹਨ ਕਿ
ਜਗਤੁ ਜਲੰਦਾ ਰਖਿ ਲੇ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥

ਪੰਜਾਬ ਸਮਾਜ ਉੱਤੇ ਜਦ ਜਦ ਵੀ ਜ਼ੁਲਮ ਹੋਇਆ ਹੈ, ਰਾਜਨੀਤਕ ਅਤਿਆਚਾਰਾਂ ਦੀ ਅਤਿ ਹੋਈ ਹੈ, ਤਦ ਤਦ ਹੀ ਹੋਰਨਾਂ ਸੰਸਥਾਨਾਂ ਤੋਂ ਵਧੇਰੇ ਕਾਵਿਕ-ਸੰਸਥਾਨਾਂ ਨੇ ਗੰਭੀਰਤਾ ਨਾਲ ਉਸ ਹਨੇਰ ਗਰਦੀ ਦਾ ਵਿਰੋਧ ਕੀਤਾ ਹੈ। ਸਾਡੀ ਆਸਥਾ ਦਾ ਪ੍ਰਤੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਇਸ ਤੱਥ ਦਾ ਗੁਆਹ ਹੈ। ਮਧਕਾਲੀ ਭਾਰਤੀ ਸਮਾਜ ਦੀ ਪ੍ਰਥਾਦਿ ਪੰਜਾਬੀ ਸਮਾਜ ਦੀ ਸਨਾਤਨੀ ਬਣਤਰ ਅਤੇ ਪ੍ਰੰਪਰਕ ਰਾਜਨੀਤਕ ਸ਼ੈਲੀ ਨੂੰ ਸਭ ਤੋਂ ਸਸ਼ਕਤ ਵੰਗਾਰ ਭਗਤੀ ਲਹਿਰ ਅਤੇ ਸੂਫੀ ਸੰਤਾਂ ਵੱਲੋਂ ਆਰੰਭ ਹੋਈ। ਮੱਧਕਾਲ ਤੱਕ ਪੰਜਾਬੀ ਸਮਾਜ ਦੀ ਰਾਜਨੀਤਕ, ਆਰਥਕ ਸਮਾਜਿਕ ਅਤੇ ਧਾਰਮਕ ਸੰਸਥਾਨ ਪੂਰੀ ਤਰ੍ਹਾਂ ਕੁਲੀਨ ਵਰਗ ਦੇ ਹਿੱਤ ਵਿਚ ਅਤੇ ਆਮ ਆਦਮੀ ਦੇ ਵਿਰੋਧ ਵਿਚ ਸਥਾਪਿਤ ਹੋ ਚੁੱਕੇ ਸਨ। ਸਮਾਜ ਜੋਕਾਂ ਅਤੇ ਢੋਕਾਂ ਜਾਂ ਜੋਕਾਂ ਅਤੇ ਲੋਕਾਂ ਵਿਚ ਵੰਡਿਆਂ ਹੋਇਆ ਸੀ। ਸਾਮੰਤ ਸ਼ਾਹੀ ਸ਼ੈਲੀ ਜਗੀਰਦਾਰੀ ਸਿਸਟਿਮ ਵੱਲ ਵਧ ਰਹੀ ਸੀ। ਪੰਜਾਬੀ ਸਮਾਜ ਵਿਚ ਨਿਮਨ ਵਰਗ ਅਤੇ ਕਾਮਗਰ, ਜਿੰਨ੍ਹਾਂ ਨੂੰ ਕੰਮੀ ਦੀ ਸੰਗਿਆ ਦਿੱਤੀ ਜਾ ਚੁੱਕੀ ਸੀ, ਫਿਰਕਾ ਤਰਸਮਈ ਹਾਲਤ ਵਿਚ ਗੁਜਾਰਾ ਕਰ ਰਿਹਾ ਹੈ। ਇਕ ਕੁਲੀਨ ਵਰਗ ਸੀ ਜੋ ਰਾਜਸੱਤਾਂ ਦਾ ਦੰਦ ਦਾ ਕਾਰਜ ਕਰਦਾ ਸੀ। ਇਹ ਵਰਗ ਕੰਮੀਆਂ ਦੀ ਹਰ ਤਰ੍ਹਾਂ ਨਾਲ ਲੁੱਟ ਕਰਦਾ ਅਤੇ ਲੁੱਟ ਵਿੱਚੋਂ ਰਾਜ ਸੱਤਾ ਨੂੰ ਬਕਾਇਦਾ ਹਿੱਸਾ ਦੇਦਾ ਸੀ। ਰਾਜ ਦੀ ਸ਼ਕਤੀ ਏਸੇ ਕੁਲੀਨ ਵਰਗ ਕੋਲ ਸੀ ਅਤੇ ਇਨ੍ਹਾਂ ਦੀ ਲੁੱਟ ਕੰਮੀ, ਕਿਸਾਨ, ਕਾਰੀਗਰ, ਦਸਤਕਾਰ, ਬੁਣਕਰ ਆਦਿ ਸਨ। ਇਹ ਕੁਲੀਨ ਵਰਗ ਧਾਰਮਿਕ ਆਧਾਰਾਂ ਉੱਤੇ ਵੀ ਹੇਠਲੀਆਂ ਜਾਤੀਆਂ ਨੂੰ ਘੋਰ ਵਿਤਕਰੇ ਵਿਚ ਧੱਕ ਕੇ ਰੱਖਦਾ ਸੀ। ਪੁਜਾਰੀ ਵਰਗ ਰਾਜਾ-ਸੋਚ ਨੂੰ ਲਾਗੂ ਕਰਨ ਹਿੱਤ ਕੰਮੀਆਂ ਨੂੰ ਆਤਮਹੀਦ ਸਥਿਤੀਆਂ ਵਿਚ ਪਾਈ ਰੱਖਦਾ ਸੀ। ਅਖਾਉਤੀ ਨਿੱਕੀਆਂ ਜਾਤੀਆਂ ਜਿਵੇਂ ਕਿ ਮੋਚੀਆਂ ਆਦਿ ਨੂੰ ਮੰਦਿਰਾਂ ਵਿਚ ਜਾ ਕੇ ਪੂਜਾ ਪਾਠ ਕਰਨ ਦੀ ਘੋਰ ਮਨਾਹੀ ਸੀ। ਧਰਮ ਮਜ਼ਹਬ ਰਾਜਨੀਤੀ ਵਾਸਤੇ ਇਕ ਹਥਕੰਡੇ ਵਜੋਂ ਕਾਰਜਸ਼ੀਲ ਸੀ। ਇਹ ਤਤਕਾਲੀ ਫਿਉਡਲਇਜ਼ਮ ਦੇ ਵਿਰੋਧ ਵਿਚ ਭਗਤਾਂ ਨੇ ਝੰਡਾਂ ਚੁੱਕਿਆ ਅਤੇ ਇਹ ਝੰਡਾ ‘ਕਵਿਤਾ’ ਅਰਥਾਤ ‘ਬਾਣੀ’ ਦਾ ਸੀ। ਬ੍ਰਾਹਮਣਾਂ ਪ੍ਰੋਹਿਤਾਂ ਦੇ ਰਵਈਏ ਦਾ ਵਿਰੋਧ ਹਰ ਹਾਲਤ ਵਿਚ ਰਾਜਾਸ਼ਾਹੀ ਨੀਤੀਆਂ ਦਾ ਵਿਰੋਧ ਹੀ ਸੀ। ਭਗਤਾਂ ਅਤੇ ਗੁਰੂ ਸਾਹਿਬਾਨ ਨੇ ਆਮ ਜਨਤਾ ਨੂੰ ਪ੍ਰੋਹਿਤਵਾਦ ਅਤੇ ਮੁੱਲਾਂਵਾਦ

ਦੇ ਮੁਕਾਬਲੇ ਆਮ ਲੋਕਾਂ ਦੇ ਧਾਰਮਕ ਆਗੂਆਂ ਨੂੰ ਗੁਰੂ ਵਜੋਂ ਉਜਾਗਰ ਕੀਤਾ। ਸਭ ਵਾਸਤੇ ਮੁਕਤੀ ਦੇ ਸੌਖੇਰੇ ਅਤੇ ਅਡੰਬਰਾਂ ਤੋਂ ਮੁਕਤ ਸੰਕਲਪ ਪੇਸ਼ ਕਰਕੇ ਸਿੱਧਿਉ ਸਿੱਧੀ ਕੁਲੀਨ ਵਰਗ ਅਤੇ ਪ੍ਰੋਹਿਤ ਵਰਗ ਨੂੰ ਚੁਣੌਤੀ ਪੇਸ਼ ਕੀਤੀ। ਇਹ ਵੇਖਣ ਨੂੰ ਭਾਵੇਂ ਧਾਰਮਕ ਲਹਿਰ ਲੱਗਦੀ ਸੀ ਪ੍ਰੰਤੂ ਦਰਅਸਲ ਇਹ ਇਨਕਲਾਬੀ ਲਹਿਰ ਸੀ ਜਿਸ ਨੇ ਲੋਕਾਂ ਵਿਚ ਨਵੀਂ ਜਿੰਦਗੀ ਪ੍ਰਤੀ ਆਸਥਾ ਜਗਾਈ। ਇਹ ਆਸਥਾ ਸਾਮੰਤਸ਼ਾਹੀ ਅਤੇ ਅਗਾਂਹ ਚੱਲ ਕੇ ਜਗੀਰੂ ਸਮਾਜ ਪ੍ਰਤੀ ਚੁਣੌਤੀ ਸਾਬਤ ਹੋਈ।

ਭਗਤਾਂ ਨੇ ਕੁਲੀਨ ਵਰਗ ਯਾਨੀ ਰਾਜਾ ਸ਼ਾਹੀ ਪ੍ਰਤੀ ਲੋਕ ਨੂੰ ਇਕ ਜੁਟ ਹੋ ਕੇ ਸੰਘਰਸ਼ ਕਰਨ ਲਈ ਪ੍ਰੇਰਿਤ ਅਤੇ ਉਤਸ਼ਾਹਿਤ ਕੀਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਯਾਨਿ 'ਕਵਿਤਾ' ਵਿਚ ਜਿੱਥੇ ਧਾਰਮਿਕ ਅਡੰਬਰਾਂ ਦਾ ਤਖੇਰਾ ਖੰਡਨ ਪੇਸ਼ ਹੁੰਦਾ ਹੈ ਉੱਥੇ ਉਹ ਸਿੱਧਿਉ ਸਿੱਧੀ ਰਾਜਨੀਤੀ ਦੇ ਪੁਠ-ਰਸਤਿਆਂ ਨੂੰ ਵੀ ਆਮ ਲੋਕਾਂ ਦੇ ਰੋਹ ਭਰੇ ਸ਼ਬਦਾਂ ਵਿਚ ਵਿਅਕਤ ਕਰਦੀ ਹੈ। ਗੁਰੂ ਜੀ ਨੇ ਪੰਜਾਬੀ ਸਮਾਜ ਦੀ ਨੈਤਿਕਤਾ ਨੂੰ ਪਹਿਲ ਦਿੱਤੀ। ਉਨ੍ਹਾਂ ਨੇ ਬਾਬਰ ਨੂੰ ਖਰੀਆਂ-ਖਰੀਆਂ ਸੁਨਾਈਆਂ ਭਾਵੇਂ ਕਿ ਇਸ ਦਾ ਖਮਿਆਜਾ ਉਨ੍ਹਾਂ ਨੂੰ ਬਾਬਰ ਦੀ ਕੈਦ ਦੇ ਰੂਪ ਵਿਚ ਵੀ ਭੁਗਤਣਾ ਪਿਆ। ਉਨ੍ਹਾਂ ਕਿਹਾ :-

ਪਾਪ ਦੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥

ਗੁਰੂ ਜੀ ਨੇ ਇਸ ਤੋਂ ਅਗਾਂਹ ਹੋਰ ਵੀ ਸਪਸ਼ਟ ਸ਼ਬਦਾਂ ਵਿਚ ਕਿਹਾ :-

ਰਾਜੇ ਸ਼ੀਂਹ ਮੁਕੱਦਮ ਕੁੱਤੇ ।
ਜਾਇ ਜਗਾਇਨ ਬੈਠੇ ਸੁੱਤੇ॥

'ਬੈਠੇ ਨੇ ਸੁੱਤੇ' ਸ਼ਬਦਾਂ ਦਾ ਇਕ ਵਿਸ਼ੇਸ਼ ਅਰਥ ਹੈ। ਤਤਕਾਲੀ ਹਾਕਮ ਜਮਾਤ ਨੇ ਲੋਕਾਂ ਦਾ ਸਹਿਜਮੱਤਾ ਜੀਵਨ ਵੀ ਵਿਗੜ ਕੇ ਲੋਕਾਂ ਨੂੰ ਦਾਸ ਪ੍ਰਵਿਰਤੀ ਵਿਚ ਰੱਖਣ ਦਾ ਝੱਲ ਝੁਲਾਇਆ ਹੋਇਆ ਸੀ ਜਿਸ ਪ੍ਰਤੀ ਗੁਰੂ ਨਾਨਕ ਨੇ ਰਾਜਿਆਂ ਨੂੰ ਸ਼ੀਹ ਤੇ ਮੁਕੱਦਮਾਂ ਨੂੰ ਕੁੱਤੇ ਕਹਿ ਕੇ ਘਿਆ ਭੇਜੀ। ਗੁਰੂ ਨਾਨਕ ਜੀ ਨੇ ਆਪਣੀਆਂ ਉਦਾਸੀਆਂ ਸਮੇਂ ਕਈ ਭਗਤਾਂ ਦੀ ਕਵਿਤਾ ਇੱਕਤਰ ਕੀਤੀ। ਕਬੀਰ ਜੀ ਦੀ ਬਾਣੀ ਵੀ ਉਨ੍ਹਾਂ ਨੂੰ ਇਕ ਲਈ ਉਚੇਚੇ ਮੰਡਲਾਂ ਦੀ ਲੱਗੀ ਕਿਉਂਕਿ ਉਹ ਮੁਖਰ ਤੇ ਸਸ਼ਕਤ ਆਵਾਜ਼ ਵਿਚ ਕਹਿ ਰਹੇ ਸਨ :

ਜੌ ਤੂੰ ਬ੍ਰਾਹਮਣੁ ਬ੍ਰਾਹਮਣੀ ਜਾਇਆ।

ਤਉ ਆਨ ਬਾਟ ਕਾਹੇ ਨਹੀ ਆਇਆ॥

ਕਬੀਰ ਜੀ ਪੁਜਾਰੀ ਵਰਗ ਵਲ ਸਿੱਧਾ ਟਕਰਾਉਂਦੇ ਸਨ। ਇਹ ਪੁਜਾਰੀ ਵਰਗ ਦੱਬੇ ਕੁਚਲੇ ਲੋਕਾਂ ਦੇ ਵਿਰੋਧੀ ਹਿੱਤਾਂ ਦਾ ਪਾਲਕ ਸੀ। ਕਬੀਰ ਦੀ ਕਵਿਤਾ ਨੇ ਉੱਤਰੀ ਭਾਰਤ ਦੇ ਲੋਕਾਂ ਵਾਸਤੇ ਵਿਦਰੋਹੀ ਬੋਲਾਂ ਭਰੀ ਕਾਵਿਕ ਸ਼ੈਲੀ ਪ੍ਰਸਤੁਤ ਹੋਈ। ਕਬੀਰ ਜੀ ਨੇ ਪੁਜਾਰੀ ਵਰਗ ਨੂੰ ਫਾਲਤੂ ਕਰਾਰ ਦੇਣ ਲਈ ਸਿੱਧਾ ਹੀ ਰੱਬੀ ਪ੍ਰੇਮ ਦਾ ਆਹਵਾਹਨ ਕੀਤਾ :

ਤੂੰ ਬ੍ਰਾਹਮਣ ਮੈ ਕਾਸੀਕਾ ਜੁਲਾਹਾ ਬੂਝਹ ਮੋਰ ਗਿਆਨਾ॥
ਤੁਮ ਤਉ ਜਾਚੇ ਭੂਪਤਿ ਰਾਜੇ ਹਰ ਸਉ ਮਰੋ ਧਿਆਨਾ॥
(ਰਾਗ ਆਸਾ)

ਪੰਜਾਬੀ ਲੋਕਾਂ ਦੇ ਸੁਭਾਅ ਵਿਚ ਅਤੇ ਲਹੂ ਵਿਚ ਹੀ ਐਸੀ ਕਵਿਤਾ ਦੀ ਰਸਕਿਤਾ ਸ਼ਾਮਿਲ ਰਹੀ ਹੈ ਜੋ ਜ਼ਿੰਦਗੀ ਦੇ ਟੇਢੇ ਮੇਢੇ ਰਸਤਿਆਂ ਦੇ ਵਲ ਵਿੰਗ ਕੱਢ ਕੇ ਸਿੱਧੇ ਤੇ ਸਰਲ ਰਸਤਿਆਂ ਦੀ ਨਿਸ਼ਾਨ ਦੇਹੀ ਕਰਦੀ ਹੋਵੇ। ਪੰਜਾਬੀ ਲੋਕ ਸਲਾਤਨ ਤੇ ਪੁਰਾਤਨ ਵਿਚਾਰਾਂ ਨੂੰ ਨਵੀਨਤਾ ਵਿਚ ਢਾਲਣ ਦੇ ਆਸ਼ਕ ਹਨ। ਸ੍ਰੀ ਗੁਰੂ ਨਾਨਕ ਦੀ ਬਾਣੀ ਅਤੇ ਉਪ੍ਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਪ੍ਰਤੀ ਲੋਕ ਆਸ਼ਕੀ ਦਾ ਮੂਲ ਕਾਰਨ ਸਾਡੀ ਜਾਚੇ ਇਹੀ ਹੈ। ਪੰਜਾਬੀ ਸਮਾਜ ਉੱਤੇ ਜਦ ਵੀ ਜੁਲਮਤੀ ਘੇਰੇ ਵਧੇ ਹਨ ਪੰਜਾਬੀ ਕਵੀਆਂ ਦੀ ਕਲਮ ਲੋਕ ਰੋਹ ਦੇ ਰੋਸੂਲ ਮੱਤੇ ਕਾਵਿਕ ਬੋਲ ਸਿਰਜਦੀ ਰਹੀ ਹੈ। ਅਮ੍ਰਿਤਾ ਪ੍ਰੀਤਮ ਦੀ ਇਕ ਹੀ ਟੂਕ ਕਿ :

'ਅੱਜ ਆਖਾਂ ਵਾਰਸ਼ ਸ਼ਾਹ ਨੂੰ ਕਿਤੋਂ ਕਬਰਾਂ ਵਿੱਚੋਂ ਬੋਲ'

ਕੁੱਲ ਪੰਜਾਬੀਆਂ ਦੀ ਦੇਸ਼ ਵੰਡ ਪ੍ਰਤੀ ਦੁੱਖ ਦੀ ਹੂਕ ਹੈ ਜੋ ਉਨ੍ਹਾਂ ਨੂੰ ਹਰ ਸਮੇਂ ਯਾਦ ਹੈ।ਵਾਰਸ ਸ਼ਾਹ ਦੀ ਹੀਰ ਵਿਚ ਤਤਕਾਲੀ ਸਮਾਜ ਪ੍ਰਤੀ ਸਨਾਤਨੀ ਰੱਦਤਾ ਦੀ ਬੁਲੰਦ ਆਵਾਜ਼ ਲੋਕਾਂ ਪਸੰਦ ਕੀਤੀ ਹੈ। ਵਾਰਸ ਨੇ ਰਾਜਾ ਸ਼ਾਹੀ ਨਿਆਂ ਪ੍ਰਣਾਲੀ ਜੋ ਕਿ ਲੋਕ ਵਿਰੋਧੀ ਆਵਾਜ਼ ਲੋਕਾਂ ਪਸੰਦ ਕੀਤੀ ਹੈ। ਵਾਰਸ ਨੇ ਰਾਜਾ ਸ਼ਾਹੀ ਨਿਆਂ ਪ੍ਰਣਾਲੀ ਜੋ ਕਿ ਲੋਕ ਵਿਰੋਧੀ ਅਤੇ ਹਾਕਮ ਜਮਾਤ ਦਾ ਹਿੱਤ ਪੂਰਦੀ ਸੀ, ਦਾ ਉੱਚੀ ਆਵਾਜ਼ ਵਿਚ ਵਿਰੋਧ ਕੀਤਾ। ਸ਼ਿਵ ਦੀ ਲੂਣਾ ਵਿਚ ਵੀ ਪੁਰਾਤਨਤਾ-ਸਨਾਤਲਤਾ ਦੀ ਰੱਕਤਾ ਲੋਕਾਂ ਪਸੰਦ ਕੀਤੀ। ਪਾਸ਼ ਅਤੇ ਸੰਤ ਰਾਮ ਉਦਾਸੀ ਸਮੇਤ ਉਨ੍ਹਾਂ ਕਵੀਆਂ ਦੀ ਕਵਿਤਾ ਨੂੰ ਪੰਜਾਬੀਆਂ ਨੇ ਆਈਆਂ ਹਿੱਕਾਂ ਦੇ ਅੰਦਰਵਾਰ ਲਿਖ ਲਿਆ ਜੋ ਰਾਜਾਸ਼ਾਹੀ ਜੁਲਮਾਂ ਨੂੰ ਸਾਹਮਣੇ ਲਿਆਉਂਦੀ ਹੈ।

ਪਾਸ ਦੀ ਕਵਿਤਾ ਭਾਵੇਂ ਜਿਆਦਾ ਕਰਕੇ ਛੰਦ/ਬਹਿਰ ਤੋਂ ਮੁਕਤ ਸੀ ਪਰ ਉਹ ਲੋਕ ਬੋਲਾਂ ਤੇ ਲੋਕ ਜਜ਼ਬਾਤ ਵਿਚ ਐਨੀ ਗੜੁੰਦ ਸੀ ਕਿ ਲੋਕਾਂ ਨੂੰ ਉਸ ਨੂੰ ਪਸੰਦ ਕੀਤਾ। ਨਕਸਵਾਦੀ ਕਵਿਤਾ ਦੀ ਦੇਣ ਹੈ ਕਿ ਉਸ ਨੇ ਲੋਕ ਮਸਲਿਆਂ

ਨੂੰ ਕਾਵਿਕ ਸੰਪ੍ਰਦਾ ਵਿਚ ਤਬਦੀਲ ਕਰ ਦਿੱਤਾ। ਵੈਸੇ ਵੀ ਕੋਈ ਕਵਿਤਾ ਭਾਵੇਂ ਕਿੰਨੀ ਵੀ ਛੰਦਾਂ ਬਹਿਰਾਂ ਵਿਚ ਸੁਸਜਿਤ ਹੋਵੇ ਪਰ ਲੋਕ ਕਲਿਆਣ ਦੇ ਰੰਗ ਤੋਂ ਫਿੱਕੀ ਹੋਏ ਉਹ ਕਿਸੇ ਕੰਮ ਦੀ ਨਹੀਂ। ਅਜੋਕੇ ਸਮਾਜ ਨੂੰ ਸਾਮੰਤ ਸ਼ਾਹੀ ਅਤੇ ਬੁਰਜੂਆ ਜਾਗੀਅਦਾਰੂ ਸਿਸਟਮ ਤੋਂ ਵਧੇਰੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅੱਜ ਐਸੇ ਮਸਲੇ ਪੰਜਾਬੀ ਸਮਾਜ ਦੇ ਸਾਹਮਣੇ ਹਨ ਜੋ ਸਨਾਤਨ ਵਿਚ ਨਜ਼ਰ ਤਕ ਨਹੀਂ ਆਉਂਦੇ। ਅੱਜ ਜੇਕਰ ਕਵੀ ਸਮਾਜ ਦੇ ਸਲਮੁੱਖ ਅਜੀਬੋ ਗਰੀਬ ਮਸਲਿਆਂ ਨੂੰ ਦਰ ਕਿਨਾਰ ਕਰ ਕੇ ਕੇਵਲ ਰੁਮਾਂਸ ਦੀਆਂ ਕਵਿਤਾਵਾਂ ਲੋਕਾਂ ਨੂੰ ਪਰੋਸੇਗਾ ਤਾਂ ਲੋਕ ਉਸ ਨੂੰ ਪਰਾਂ ਧੱਕ ਦੇਣਗੇ। ਹਰ ਹਾਲਤ ਵਿਚ ਉਹੀ ਕਵਿਤਾ ਸਵੀਕਾਰੀ ਜਾਵੇਗੀ ਜਿਸ ਵਿਚ ਤਤਕਾਲੀ ਤੇ ਸਮਕਾਲੀ ਸਮਾਜ ਕੀਆਂ ਘਿਨਾਉਦੀਆ ਲੋਕ ਵਿਰੋਧੀ ਨੀਤੀਆਂ ਨੂੰ ਚੁਰਾਹੇ ਵਿਚ ਖਲਾਰਿਆ ਗਿਆ ਹੋਵੇਗਾ। ਅੱਜ ਦੇ ਸਮਾਜ ਸਾਹਮਣੇ ਪੁਰਾਤਨ ਸਮਾਜ ਨਾਲੋਂ ਕਈ ਗੁਣਾਂ ਵਧੇਰੇ ਭਿਆਨਕ ਪ੍ਰਸਥਿਤੀਆਂ ਦਾ ਸਾਹਮਣਾ ਹੈ। ਬੇਜਰੁਗਾਰੀ, ਰਾਜਨੀਤੀ ਅਤੇ ਡੇਰਾਬਾਦ ਦੀ ਅਨੈਤਿਕ ਪੂਛ ਗੰਢ ਚਿਤਰੇਵਾ, ਭਰੂਣ ਹੱਤਿਆ, ਰੇਪ, ਭਿੰਨ-ਭਿੰਨ ਸਾਲ ਦੀਆ ਬੱਚਿਆਂ ਨਾਲ ਹਵਸ ਪੂਰਤੀ ਪਿੱਛੋਂ ਉਨ੍ਹਾਂ ਦੇ ਕਤਲ, ਸਰਕਾਰਾਂ ਵੱਲੋਂ ਨਸ਼ਿਆਂ ਤੇ ਖਾਸ ਕਰ ਚਿੱਟੇ ਦਾ ਵਿਉਪਾਰ, ਪੁਲੀਸ ਵੱਲੋਂ ਮੁਗਲਸ਼ਾਹੀ ਤੋਂ ਵੀ ਵਧ ਕੇ ਅਨੈਤਿਕ ਧੱਕੜਸ਼ਾਹੀ, ਹਾਕਮ ਜਮਾਤ ਦੀ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਖੋਹ ਖਿੰਝ ਤੇ ਲੁੱਟ, ਕਿਸਾਨਾਂ ਵੱਲੋਂ ਖੁਦਕੁਸ਼ੀਆਂ, ਨਿੱਕੀ ਕਿਸਾਨੀ ਦਾ ਦਿਵਾਲੀਆਪਨ ਅਤੇ ਸਿੱਖਿਆ, ਸਿਹਤ ਸੇਵਾਵਾਂ ਅਤੇ ਸਬਸਿਡੀਆਂ ਦਾ ਕਰੀਬ ਕਰੀਬ ਬੰਦ ਹੋਣਾਂ ਐਸੀਆਂ ਲੋਕ ਵਿਰੋਧੀ ਨੀਤੀਆਂ ਦੇ ਸਿੱਟੇ ਹਨ ਜੋ ਕਿ ਪੂਰਵ ਸਮਾਜਾਂ ਵਿਚ ਅਜੋਕੀ ਸਥਿਤੀ ਵਾਂਗ ਨਹੀਂ ਸਨ। ਗਰੀਬ ਕੰਗਾਲੀ ਦੀ ਹੱਦ ਤਕ ਚਲੇ ਗਏ ਜਦੋਂ ਕਿ ਅਮੀਰ ਹੋਰ ਅਮੀਰ ਹੋ ਰਹੇ ਹਨ। ਇਕ ਪਾਸੇ ਤਾਂ 50-50 ਲੱਖ ਦੀਆਂ ਕਾਰਾ ਹਨ ਪਰ ਦੂਜੇ ਪਾਸੇ ਸਾਈਕਲ ਵੀ ਨਸੀਬ ਨਹੀਂ। ਐਸੀਆਂ ਲੋਕ ਵਿਰੋਧੀ ਸਰਕਾਰੀ ਨੀਤੀਆਂ ਅਤੇ ਅਤੇ ਅਰੰਗੇਸ਼ਾਹੀ ਪੂਰੇ ਜਲੌਅ ਵਿਚ ਹਨ। ਮਨੁੱਖਾਂ ਨੂੰ ਫੇਰ ਤੋਂ ਗਊ, ਸੂਰਾਂ ਵਿਚ ਵੰਡਿਆ ਜਾ ਰਿਹਾ ਹੈ। ਬੇਮਤਲਬ ਮਸਲੇ ਉਭਾਰ ਕੇ ਲੋਕਾਂ ਨੂੰ ਬੁੱਧੂ ਬਣਾਇਆ ਜਾ ਰਿਹਾ ਹੈ।

ਅੰਧੀ ਰਯਤਿ ਗਿਆਨ ਵਿਹੂਣੀ , ਭਾਹਿ ਭਰੈ ਮੁਰਦਾਰ।

ਅਨੁਸਾਰ ਲੋਕ ਆਪਣੇ ਅਗਿਆਨ ਉੱਤੇ ਵੀ ਮਾਣ ਕਰਨ ਲੱਗੇ ਹਨ।

ਪਰਮਜੀਤ 'ਰਾਮਗੜ੍ਹੀਆ' ਦੇ ਹਥਲੇ ਕਾਵਿ ਸੰਗ੍ਰਹਿ ਨੂੰ ਵੀ ਮੈਂ ਉਪਰੋਕਤ ਕਾਵਿ ਸਿਧਾਂਤਾਂ ਅਨੁਸਾਰ ਹੀ ਨਿਰਖਣ ਪਰਖਣ ਦੀ ਆਗਿਆ ਵਿਚ ਹਾਂ। ਇਹ ਆਗਿਆ ਕਾਵਿ ਸਮਾਲੋਚਨਾ ਦੇ ਗੁਰ ਘੰਟਾਲਾਂ ਵੱਲੋਂ ਨਹੀਂ ਹੈ। ਇਹ ਲੋਕ ਆਗਿਆ ਹੈ। ਮੈਂ ਭਾਵੇਂ ਗਜ਼ਲ ਦਾ ਉਸਤਾਦ ਹਾਂ ਅਤੇ ਗ਼ਜ਼ਲ ਵਿਚ ਕੁਝ ਨਿਮਾਣਾ ਕਾਰਜ਼ ਵੀ ਕੀਤਾ ਹੈ ਪਰ ਮੈਂ ਸਮਝਦਾ ਹਾਂ ਕਿ ਅਜੋਕਾ ਪੰਜਾਬ ਦੁੱਖਾਂ

ਅਤੇ ਮਸਲਿਆਂ ਦੀ ਅੱਗ ਵਿਚ ਬਲ ਰਿਹਾ ਹੈ। ਹੁਣ ਮਸਲਾ ਇਹ ਨਹੀਂ ਕਿ ਗ਼ਜ਼ਲ ਅਤੇ ਕਵਿਤਾ ਦੇ ਝਗੜੇ ਵਿਚ ਪਿਆ ਜਾਵੇ ਸਗੋਂ ਮਸਲਾ ਇਹ ਹੈ ਕਿ ਇਸ 'ਜਗਤ ਜਲੰਦੇ' ਨੂੰ ਬਚਾਉਣ ਦਾ ਚਾਰਾ ਕੀਤਾ ਜਾਵੇ। ਗੁਰੂ ਨਾਨਕ ਨੇ ਬੜੇ ਵੱਡੇ ਫਲਸਫੇ ਅਨੁਸਾਰ ਹੀ ਕਿਹਾ ਸੀ ਕਿ:

ਜਿਤੁ ਦੁਆਰੇ ਉਭਰੈ ਤਿਤੇ ਲੇਹੁ ਉਬਾਰਿ।

ਮਸਲਾ ਅੱਜ ਇਹ ਹੈ ਕਿ ਕਵਿਤਾ ਨੂੰ ਲੋਕਾਂ ਤੇ ਮਸਲਿਆਂ ਪ੍ਰਤੀ ਸਜੱਗ ਤੇ ਲੈਸ ਕੀਤਾ ਜਾਵੇ। ਸ਼ਬਦ ਨੂੰ ਹਥਿਆਰ ਬਣਾ ਕੇ ਕਾਵਿ ਬੋਲਾਂ ਵਿਚ ਪ੍ਰਵਰਿਤ ਕਰਨਾ ਅਜੋਕੀ ਮੰਗ ਹੈ।

ਮੈਂ ਪੰਜਾਬੀ ਦੇ ਵੱਡੇ ਵੱਡੇ ਕਵੀਆਂ ਵੱਲੋਂ ਨਿਰਾਸ਼ ਹਾਂ ਜੋ ਕਿ ਵੱਡੇ ਵੱਡੇ ਮਾਨਾਂ ਸਨਮਾਨਾਂ ਉੱਤੇ ਹੀ ਕੇਂਦਰਿਤ ਹੋ ਗਏ ਹਨ। ਉਹ ਹੁਣ ਲੋਕਾਂ ਦੇ ਮੇਚ ਦੀ ਗੱਲ ਨਹੀਂ ਕਰਦੇ। ਉਹ ਗੱਲ ਨੂੰ ਗੋਲ-ਮੋਲ ਕਰਕੇ ਪੇਸ਼ ਕਰਦੇ ਹਨ ਅਤੇ ਇਸ ਗੋਲ-ਮੋਲ ਗੱਲ ਨੂੰ ਸਰਕਾਰੀ ਆਲੋਚਕ ਗੋਲ-ਮੋਲ ਆਲੋਚਨਾ ਨਾਲ ਸੋਨਾ ਬਣਾ ਰਹੇ ਹਨ।

ਪਰਮਜੀਤ 'ਰਾਮਗੜ੍ਹੀਆ ਦੀ ਇਹ ਪ੍ਰਥਮ ਕਾਵਿ ਪੁਸਤਕ ਹੈ। ਉਸ ਨੇ ਇਸ ਵਿਚ ਸੰਜੀਦਗੀ ਅਤੇ ਦਲੇਰੀ ਨਾਲ ਸਮਕਾਲੀ ਪੰਜਾਬੀ ਸਮਾਜ ਦੇ ਸਨਮੁਖ ਸਮੱਸਿਆਵਾਂ ਨੂੰ ਕਾਵਿ-ਬਿਆਨ ਵਿੱਚ ਪ੍ਰਵਰਤਿਤ ਕੀਤਾ ਹੈ। ਮੈਂ ਪਰਮ ਦੀ ਕਵਿਤਾ ਨੂੰ ਜੀ ਆਇਆ ਕਹਿੰਦਾ ਹਾਂ ਅਤੇ ਉਸਦੇ ਕਾਵਿ ਸਫ਼ਰ ਦੇ ਅਰੰਭ ਉੱਤੇ ਖੁਸ਼ ਹੁੰਦਾ ਹਾਂ ਆਉਂਦੇ ਸਮੇਂ ਉਹ ਕਵਿਤਾ ਵਿੱਚ ਵਾਰਸ ਬਚਨੀ ਹੋਵੇਗਾ।

ਆਮੀਨ!

ਸੁਲੱਖਣ ਸਰਹੱਦੀ
ਮੋ. 94174-84337

‘ਮਘਦੇ ਹਰਫ਼’ ਨਾਲ ਜਾਣ ਪਹਿਚਾਣ

ਕਹਿੰਦੇ ਹਨ ਕਿ ਕਵਿਤਾ ਆਪ ਮੁਹਾਰੇ ਫੁੱਟਦੀ ਹੈ। ਪਰਮਜੀਤ ਰਾਮਗੜ੍ਹੀਆ ਦੇ ਜੀਵਨ-ਬੂਟੇ ਵਿੱਚੋਂ ਵੀ ਇਹ ਨਜ਼ਮਾਂ ਸੁੱਤੇ ਸਿੱਧ ਅਰੂਪ ਦੇਸ਼ ਵਿੱਚੋਂ ਨਿਕਲ ਕੇ ਲੇਖਕ ਦੇ ਸਾਹਿਤਿਕ ਮੰਡਲ ਵਿੱਚ ‘ਮਘਦੇ ਹਰਫ਼’ ਨਾਲ ਸ਼ਾਮਲ ਹੋ ਗਈਆਂ ਹਨ। ਇਸ ਕਾਵਿ ਪੁਸਤਕ ਦੀਆਂ ਨਜ਼ਮਾਂ ਦੀ ਆਪਣੀ ਹੀ ਨਵੇਕਲੀ ਵੰਨਗੀ ਹੈ, ਜੋ ਅਣਗਿਣਤ ਵਿਸ਼ਿਆਂ ਦੀ ਵਿਵਿਧਤਾ ਨੂੰ ਛੂਹਦੀਆਂ ਤੇ ਮਨ ਨੂੰ ਟੁੰਬ ਦੀਆਂ ਹਨ। ਇਨ੍ਹਾਂ ਨਜ਼ਮਾਂ ਨੂੰ ਪੜ੍ਹਦਿਆਂ ਮੈਨੂੰ ਅਨੁਭਵ ਹੋਇਆ ਹੈ ਕਿ ਉਹ ਚਿੰਤਨ-ਸ਼ੀਲ ਕਵੀ ਹੈ ਅਤੇ ਆਪਣੇ ਭਾਵਾਂ ਦੀ ਤੀਬਰਤਾ ਜਾਂ ਪ੍ਰਗਟਾਵੇ ਨੂੰ ਸੰਵੇਦਨਾ ਦੀ ਗਹਿਰਾਈ, ਸੰਖੇਪਤਾ, ਸੰਜਮ, ਪੁਖ਼ਤਾ ਵਿਚਾਰਾਂ ਅਤੇ ਬਿੰਬਾਂ ਦੀ ਬਹੁ-ਅਰਥਤਾ ਨਾਲ ਪੇਸ਼ਕਾਰੀ ਵਿੱਚ ਸੰਪੰਨ ਹੈ। ਇਸੇ ਲਈ ਉਹ ਮਨੁੱਖੀ ਕਿਰਦਾਰ ਵਿਚ ਆ ਰਹੇ ਪਤਨ, ਰਾਜਸੀ ਤੇ ਧਰਮ ਦੇ ਨਾਂਅ ’ਤੇ ਲੋਕਾਂ ਦੇ ਮਨਾਂ ਵਿਚ ਇੱਕ ਦੂਜੇ ਪ੍ਰਤੀ ਨਫ਼ਰਤ ਜਗਾਉਣ ਤੋਂ ਦੁਖੀ ਹੋ ਕੇ ਆਪਣੀ ਕਵਿਤਾ ਵਿੱਚ ਬੋਲਦਾ ਹੈ।

ਪਰਮਜੀਤ ਦੀ ਅਣਿਗਿਣਤ ਵਿਸ਼ਿਆਂ ਤੇ ਲਿਖੀ ਕਵਿਤਾ ਨੂੰ ਪੂਰੀ ਤਰ੍ਹਾਂ ਸਮਝਣ ਲਈ, ਮੈਂ ਮੁੱਖ ਰੂਪ ਵਿੱਚ ਕੁੱਝ ਉਪ ਸਿਰਲੇਖਾਂ ਅਧੀਨ ਵੰਡਿਆ ਹੈ, ਜਿਵੇਂ:-

1) ਮਾਂ ਤੇ ਮਾਂ ਬੋਲੀ ਦੀ ਮਹੱਤਤਾ
2) ਕਲਮ ਅਤੇ ਇਸ ਵਿੱਚੋਂ ਜੰਮੇ ਮਘਦੇ ਹਰਫ਼
3) ਰਾਸ਼ਟਰੀ ਨਾਇਕ
4) ਰਾਜਨੀਤੀ ਪੱਖ
5) ਸਭਿਆਚਾਰ ਤੇ ਤਿਉਹਾਰ
6) ਰਿਸ਼ਤਿਆਂ ਦੀ ਗੱਲ
7) ਪਿਆਰ ਤੇ ਪਿਆਰੇ ਬਾਰੇ ਨਿੱਜੀ ਅਹਿਸਾਸ
8) ਰਹੱਸਮਈ ਵਿਚਾਰ ਅਤੇ ਆਦਿ।

ਇਨ੍ਹਾਂ ਵਿਸ਼ਿਆਂ ਹੇਠ ਆਉਂਦੀਆਂ ਨਜ਼ਮਾਂ ਦਾ ਵਿਸ਼ਲੇਸ਼ਣ ਕਰਦੇ ਹਾਂ।

1) ਮਾਂ ਤੇ ਮਾਂ ਬੋਲੀ-ਪੰਜਾਬੀ

ਮਨੁੱਖੀ ਜ਼ਿੰਦਗੀ ਵਿਚ ਮਾਂ ਦਾ ਬਹੁਤ ਉੱਚ ਸਥਾਨ ਹੈ ਅਤੇ ਉਸ ਨੂੰ ਰੱਬ ਦੇ ਬਰਾਬਰ ਦਾ ਰੁਤਬਾ ਦਿੱਤਾ ਗਿਆ ਹੈ। ਅੱਜ ਦੇ ਵਿਕਸਤ ਪੂੰਜੀਵਾਦ ਸਮਾਜ ਵਿੱਚ ਮਨੁੱਖ ਉਸ ਦੇ ਫ਼ਰਜਾਂ ਦੀ ਪੰਡ ਵਿੱਚ ਤਾਂ ਵਾਧਾ ਕਰ ਰਿਹਾ, ਪਰ ਉਸ ਦਾ

ਆਦਰਯੋਗ ਪਦਵੀ ਸਤਿਕਾਰ ਆਪਣੇ ਮਨ ਵਿੱਚੋਂ ਘਟਾਉਂਦਾ ਜਾ ਰਿਹਾ ਹੈ। ਇਸ ਦੀਆਂ ਕਈ ਉਦਾਹਰਣਾਂ ਬਹੁਤਿਆਂ ਘਰਾਂ ਵਿੱਚ ਦੇਖਣ ਨੂੰ ਮਿਲਦੀਆਂ ਹਨ। ਉਹ ਆਪਣੀ ਹੀ ਔਲਾਦ ਹੱਥੋਂ ਦੁਰਕਾਰੀ ਜਾ ਰਹੀ ਹੈ, ਜਾਂ ਬਿਰਧ ਆਸ਼ਰਮਾਂ ਵਿੱਚ ਰੁਲਦੀ ਦੇਖੀ ਜਾ ਸਕਦੀ ਹੈ। ਇਸ ਦੁਖਾਂਤ ਨੂੰ ਪਰਮਜੀਤ ਨੇ ਕਈ ਨਜ਼ਮਾਂ ਵਿੱਚ ਸੂਖਮ ਭਾਵਨਾਵਾਂ ਤੇ ਸੰਵੇਦਨਾ ਨਾਲ ਪ੍ਰਗਟਾਇਆ ਹੈ, ਜਿਵੇਂ: ਕਵਿਤਾ ਵਿੱਚ ਕਹਿੰਦਾ ਹੈ, 'ਨਾ ਗੁਰਦੁਆਰੇ ਦੀ ਗੱਲ ਕਰੋ, ਨਾ ਹੀ ਮੰਦਰ ਦੀ ਗੱਲ ਕਰੋ, ਤੇਰੀ ਬੁਢੜੀ ਰੁਲਦੀ ਮਾਂ ਏ, ਜਣਨੀ ਜੱਗ ਸਾਰੇ ਦੀ ਅਖਵਾਏ-ਜਿਸ ਦੀ ਰੱਬ ਤੋਂ ਉੱਚੀ ਥਾਂ ਏ,-ਕਬਰਾਂ ਦੇ ਵਿੱਚ ਮਾਂ ਨੀ ਲੱਭਦੀ, - ਜਦ ਮੌਤ ਦਾ ਪੱਲੜਾ ਝੁਕ ਜਾਣਾ ਏ।'

ਏਵੇਂ ਹੀ ਉਹ 'ਬਿਰਧ ਮਾਂ' ਦਾ ਦੁੱਖ ਦੇਖ ਕੇ ਕੂਕਦਾ ਹੈ, 'ਮੈਂ ਕੀਕਣ ਭੁੱਲ ਸੱਕਣਾ ਉਸ ਝੁਰੜੀਆਂ ਵਾਲੇ ਚਿਹਰੇ ਅਤੇ ਅੱਟਣ ਪਏ ਹੱਥਾਂ 'ਚੋਂ -ਝਰੀਟਾਂ- ਤੇ ਉਨ੍ਹਾਂ-ਚੋਂ ਸਿੰਮਦੇ ਲਹੂ ਨਾਲ ਚਿਮਲਾਉਂਦੇ ਜ਼ਖ਼ਮਾਂ ਦਾ ਦਰਦ।

1 'ਮਾਂ ਦੀ ਗੋਦ 'ਚ ਬੈਠਿਆਂ,

'ਮਾਂ-ਬੋਲੀ-ਪੰਜਾਬੀ' ਦੇ ਜੋ ਮਿੱਠੇ ਬੋਲ ਉਹ ਸੁਣਦਾ ਹੁੰਦਾ ਸੀ, ਉਸ ਪ੍ਰਤੀ ਸੁਚੇਤ ਮਨ ਨਾਲ ਹਿ ਕਹਿੰਦਾ ਹੈ, 'ਮੈਨੂੰ ਮਾਣ ਹੈ ਮੇਰੀ ਮਾਂ ਤੇ, ਮੇਰੀ ਬੋਲੀ ਤੇ, ਮੇਰੇ ਪੰਜਾਬੀ ਹੋਣ ਤੇ ਅਤੇ ਇਨ੍ਹਾਂ ਤਿੰਨਾਂ ਦੀ ਸੇਵਾ ਕਰਨ ਤੇ। ਪਰਮ ਨੇ ਇੱਥੇ 'ਮਾਂ ਬੋਲੀ ਪ੍ਰਤੀ ਪਿਆਰ ਦਾ ਜਜ਼ਬਾ ਕਮਾਲ ਨਾਲ ਬਿਆਨਿਆਂ ਹੈ।

2) 'ਕਲਮ' ਅਤੇ ਇਸ ਵਿੱਚੋਂ ਜਨਮੇ 'ਮਘਦੇ ਹਰਫ਼':

ਸ਼ਬਦਾਂ ਜਾਂ ਅੱਖਰਾਂ ਬਾਰੇ ਨਜ਼ਮਾਂ ਨੂੰ ਵਿਚਾਰਦਿਆਂ ਕਵੀ ਦੀ ਸ਼ਖ਼ਸੀਅਤ ਦੇ ਕੁੱਝ ਪਹਿਲੂ ਇਸ ਤਰ੍ਹਾਂ ਉਜਾਗਰ ਹੁੰਦੇ ਹਨ:-

'ਮਘਦੇ ਹਰਫ਼', ਪਰਮਜੀਤ ਦੇ ਮਾਨਸਿਕ ਰਵੱਈਏ ਨੂੰ ਦਰਸਾਉਂਦੀ, ਮਨਬਚਨੀ ਵਿਧੀ ਵਾਲੀ, ਸੁੰਦਰ ਪ੍ਰਭਾਵ ਮਈ ਸ਼ੈਲੀ ਵਿੱਚ ਲਿਖੀ ਨਜ਼ਮ ਹੈ, ਜਿਸ ਵਿੱਚ ਸੱਧਰਾਂ ਤੇ ਮਨ ਦੇ ਹਾਵਾ ਭਾਵਾਂ ਨੂੰ ਇੰਜ ਰੂਪਮਾਨ ਕੀਤਾ ਹੈ, 'ਕਾਸ਼! -ਮੈਂ ਵੀ ਇੱਕ ਲੇਖਕ ਜਾਂ ਸਾਹਿਤਕਾਰ ਹੁੰਦਾ-ਸਾਹਿਤ ਸਭਾਵਾਂ 'ਚ ਬੈਠ ਰਚਨਾਵਾਂ ਨੂੰ ਪੜ੍ਹਦਾ ਤੇ ਸੁਣਦਾ ... ਐਪਰ... ਮਹਿਫ਼ਲ ਦੀ ਫੋਕੀ ਵਾਹ-ਵਾਹ ਤੋਂ ਡਰ ਜਾ ਨੈਂ...। ਇਸ ਸਚਾਈ ਦਰਸਾਉਂਦਾ ਦਰਸਾਉਂਦਾ ਉਹ- 'ਕਦੇ-ਕਦੇ ਇਹ ਭੀ ਸੋਚਦੈ, ਕਿਤੇ ਇਹ ਸ਼ਬਦਾਂ ਦਾ ਵਹਾ ਜਵਾਲਾ ਹੀ ਨਾ ਬਣ ਜੇ।' ਅਤੇ ਉਹ ਆਪਦੇ ਅੰਦਰਲੇ ਸਵੈ ਅਤੇ ਜ਼ਮੀਰ ਦੇ ਵਿਵੇਕ ਦ ਸੱਚ ਦੇ ਰਾਹ ਤੇ ਚੱਲਦਿਆਂ ਦੂਜਿਆਂ ਦੀਆਂ ਪ੍ਰਤੀਕ੍ਰਿਆਵਾਂ ਕਾਰਨ ਇਹ- 'ਹਰਫ਼ ਭਿੱਜੀ ਹੋਈ ਰਾਖ ਵਿੱਚ ਵੀ ਮਘਦੇ ਨਾ ਰਹਿਣ..... ਤੇ ਚਹੁੰ ਬੰਦਿਆਂ ਨੂੰ ਮੇਰੀ ਦੇਹ ਦੀ ਜਗ੍ਹਾ ਮੁੱਠ ਭਰ ਫੁੱਲ ਹੀ ਨਸੀਬ ਹੋਣ।' ਇਸੇ ਲਈ ਜ਼ਿੰਦਗੀ ਦੇ ਇਸ ਸੱਚ ਨੂੰ ਸਮੱਰਥਾ ਨਾਲ ਪੇਸ਼ ਕਰਦੀ ਇਹ

ਨਜ਼ਮ, ਹਥਲੀ ਪੁਸਤਕ ਦਾ ਸਿਰਲੇਖ ਬਣ ਕੇ ਸਜ਼ ਗਈ ਹੈ। ਉਸ ਤੋਂ ਅੱਗੇ, ਇਹੋ ਗੁਣ ਉਸ ਦੀ ਕਵਿਤਾ 'ਕਲਮ ਦਾ ਸਫ਼ਰ' ਵਿੱਚ ਸਿੱਧੇ ਰੂਪ ਵਿੱਚ ਝਲਕਦਾ ਹੈ। 'ਉਮਰ ਭਰ ਔਜਾਰ ਤਿੱਖੇ ਕਰਦਾ ਰਿਹਾ, ਲੱਕੜਾਂ ਨੂੰ ਤਰਾਸ਼ਣ ਦੇ ਲਈ ਜਦ ਅੱਟਣ ਪਏ ਹੱਥਾਂ ਵਿੱਚ ਕਲਮ ਆਈ ਤਾਂ, ਕੋਮਲ ਸ਼ਬਦਾਂ ਨੂੰ ਤਰਾਸ਼ਣ ਲੱਗ ਪਿਆ।' ਉਹ ਇਸ ਨੂੰ 'ਪਰਮ-ਆਤਮਾ ਦੀ ਮਿਹਰ ਦੱਸਦਾ ਹੈ। ਕਲਮ ਦੇ ਇਸ ਸਫ਼ਰ ਤੇ ਤੁਰਦਿਆਂ 'ਕਲਮ ਦੇ ਗਰਭ' ਵਿੱਚ ਰਿਸ਼ਤਿਆਂ ਬਾਰੇ ਯਥਾਰਥਕ ਵਿਚਾਰ ਪੇਸ਼ ਕਰਦਾ ਹੈ, 'ਰਿਸ਼ਤੇ ਕਦੇ ਵੀ ਕੱਚੇ ਨਹੀਂ ਹੁੰਦੇ। ਨਿਰਾਰਥਕ ਸੋਚ, ਸ਼ੱਕ ਦੀ ਦੀਵਾਰ ਤੇ ਕੂਟ ਵਤੀਰੇ ਨਾਲ ਇਹ ਤੰਦ ਅਤਿ ਕਮਜ਼ੋਰ ਤੇ ਫਿੱਕੇ ਪੈ ਜਾਂਦੇ ਐ। ਉਹਨੂੰ ਆਸ ਸੀ। 'ਮੇਰੀ ਕਲਮ ਦੇ ਗਰਭ 'ਚੋਂ ਕੁੱਝ ਅੱਖਰ ਜਨਮ ਲੈਣਗੇ, ਸ਼ਬਦ ਬਣ ਰੁੜ੍ਹਨਗੇ ਤੇ ਕਿਸੇ ਕਵਿਤਾ ਰੂਪੀ ਮੁਟਿਆਰ ਸਤਰ ਦਾ ਮੇਰੇ ਦਿਲ ਦੇ ਸਿਵੇ ਵਿੱਚ ਹੋਵੇਗਾ ਅੰਤ। ਇਸੇ ਆਸ ਤੇ ਨਿਰਭਰ ਹੋ, ਕੁੱਝ ਸ਼ਬਦ ਉਸਦੇ ਮਨ ਨੂੰ ਚੂਰੋ ਚੂਰ ਕਰ ਜਾਂਦੇ ਨੇ - 'ਕੁੱਝ ਸ਼ਬਦ' ਰੂਹ ਦੀ ਖੁਰਾਕ ਤੇ ਅੰਮ੍ਰਿਤ ਲੱਗਦੇ ਨੇ। ਆਪਣੇ ਮਨ ਦੀ ਪਲ-ਪਲ ਬਦਲਦੀ ਹਾਲਤ ਨੂੰ ਉਸ ਨੇ ਬਹੁਤ ਸੁੰਦਰ ਤਰੀਕੇ ਨਾਲ ਅਭਿਵਿਅਕਤ ਕੀਤਾ ਹੈ। ਵਕਤ ਦੇ ਰੁਕਣ ਨਾਲ ਬਦਲਦੀ ਪਰਿਸਥਿਤੀ ਵਿੱਚ, ਉਸ ਦੀ 'ਕਲਮ ਖ਼ਾਮੋਸ਼!' ਹੋਈ ਵੀ ਪਰਮ ਸਰੂਪ ਤੋਂ ਮਿਹਰ ਦੀ ਦਾਤ ਮੰਗਦੀ ਹੈ। 'ਇਹ ਸਮਾਂ-ਬੱਧ ਕੇਹੀ ਹੋਣੀ- ਜੋ ਖੋਹ ਲੈ ਗਈ, ਭਾਰਤ ਦੇ ਦੋ ਮਹਾਨ ਰਤਨ! ਮੇਰਾ ਸ਼ੀਸ਼ ਝੁਕਦੈ - ਸੱਚੀ ਤੇ ਸੁੱਚੀ ਸ਼ਰਧਾਂਜਲੀ ਹੈ! ਮਿਹਰ ਕਰੀਂ! ਇੱਥੇ ਫਿਰ ਉਸ ਦੀ ਨਜ਼ਮ 'ਅੱਖਰ' ਜੋ ਉਸ ਦੇ ਇਕੱਲਾਪਣ ਦਾ ਸਹਾਰਾ ਹਨ, ਉਸ ਦੇ ਰੋਮ-ਰੋਮ ਵਿੱਚ ਪ੍ਰਵੇਸ਼ ਕੀਤੇ ਹੋਏ ਨੇ। ਇਹੋ ਅੱਖਰ ਉਸ ਦਾ ਮਨੋਬਲ ਹਨ ਅਤੇ ਆਪਣੀ' ਕਲਮ ਦੀ 'ਤਾਕਤ' ਨੂੰ ਪਛਾਣਦਾ ਹੋਇਆ, ਉਹ ਸਮੇਂ ਦੇ ਹਾਕਮ ਨੂੰ ਤਾੜਦਾ ਹੈ। 'ਜੇ ਤੇਰੇ ਕੋਲ ਤਖ਼ਤ ਹੈ, ਤਾਜ ਹੈ, ਤਾਕਤ ਹੈ, ਤਲਵਾਰ ਹੈ ਤਾਂ ਕੀ ਐ ? ਮੇਰੇ ਕੋਲ, ਕਾਗ਼ਜ਼ ਹੈ, ਕਲਮ ਹੈ, ਕਰਮ ਹੈ।' ਇਹ ਹੈ ਕਵੀ ਦੀ ਸਮਾਜਿਕ ਚੇਤਨਾ ਪੱਖੋਂ ਵੀ ਸਮਕਾਲੀ ਨੂੰ ਕੁੱਝ ਕਹਿਣ ਲਈ ਉਤਸੁਕਤਾ। ਜਦੋਂ ਕਦੇ ਕੋਈ ਅਣਸੁਖਾਵੀਂ ਘਟਨਾ ਮਨ ਦੇ ਬੂਹੇ ਤੇ ਅਚਨਚੇਤ ਆ ਦਸਤਕ ਦਿੰਦੀ ਹੈ, ਤਾਂ ਇਸ ਤੋਂ ਉਪਜੀ ਪੀੜ ਨੂੰ ਛੁਪਾਉਂਦਿਆਂ ਕਹਿ ਉੱਠਦਾ ਹੈ: 'ਬਸ ਐਵੇਂ ਹੀ'-ਮਨ ਭਰ ਆਇਆ।' ਉਹ 'ਰਮਜ਼ਾਂ' ਵਿਚ ਆਪਣੀ ਨਕਦਰੀ ਦੀ ਗੱਲ ਤਾਂ ਕਰਦਾ ਹੈ, ਪਰ ਮਨ ਵਿਚਲੀ-ਵਿਚਲੀ ਉੱਚ ਨੈਤਿਕ ਸ਼ਕਤੀ ਦੇ ਆਸਰੇ ਆਸ਼ਾਵਾਦੀ ਸੁਰ 'ਚ ਕਹਿੰਦਾ ਵੀ ਹੈ : 'ਅਸਾਂ ਜਿੱਤ ਕੇ ਕੀ ਲੈਣਾ, ਸਾਨੂੰ ਹਾਰ ਹੀ ਪਿਆਰੀ, ਚਾਹੇ ਕੱਟ ਦੇਵੋ ਪਰ, ਅਸਾਂ ਲਾਉਣੀ ਅੰਬਰੀ ਉਡਾਰੀ।' ਉਸ ਦੀਆਂ ਇਹ ਰਮਜ਼ਾਂ ਤਾਂ ਕੇਵਲ, 'ਕਾਗ਼ਦ ਤੇ ਕਲਮ, ਮੇਰੀ ਰੂਹ ਦੇ ਨੇ ਹਾਣੀ, ਡੂੰਘੇ ਦਿਲ ਦੇ ਜ਼ਖਮ, ਜਿੰਨਾ ਮੇਰੀ ਰਮਜ਼ ਪਛਾਣੀ।' ਇਕਾਂਤ 'ਚ' ਅਕਸਰ! ਜਾਗਦੀ ਹੈ, ਮਨ ਮੇਰੀ ਦੀ, ਵੇਦਨਾ, ਉਹ ਵੇਦਨਾ ਨੂੰ ਕਲਮ ਰਾਹੀਂ ਕਾਗ਼ਜ਼' ਤੇ ਚਿਤਰਨਾ ਚਾਹੁੰਦਾ ਹੈ', ਪਰ 'ਭਾਂਡਿਆਂ ਦਾ ਖੜਕਾਅ ਤੇ ਬੇ-ਫ਼ਾਲਤੂ

ਆਵਾਜ਼ਾਂ, ਕਿਰਕਿਰਾ ਕਰਦੀਆਂ ਨੇ, ਮੇਰੇ ਦੁਆਰਾ ਆਰੰਭੇ ਕਾਰਜ ਨੂੰ। 'ਅਸਲ ਵਿੱਚ ਇਹ ਨਜ਼ਮਾਂ ਅੱਜ ਦੇ ਮਨੁੱਖੀ ਮਨ ਦੇ ਟੁੱਟਦੇ ਭੱਜਦੇ ਰਿਸ਼ਤਿਆਂ ਦੀਆਂ ਅੰਤਰੀਵ ਪੀੜਾਂ ਦੇ ਦਰਦ ਦੀਆਂ ਗੱਲਾਂ ਕਰਦੀਆਂ ਹਨ, ਜਿਨ੍ਹਾਂ ਨੂੰ ਪਰਮਜੀਤ ਦੀ ਕਲਮ ਨੇ ਬੜੇ ਸਹਿਜਤਾ ਅਤੇ ਸੂਖ਼ਮਤਾ ਨਾਲ ਕਲਮਬੰਦ ਕੀਤਾ ਹੈ।

3) **ਰਾਸ਼ਟਰੀ ਨਾਇਕਾਂ ਪੱਖ:**

ਪਰਮਜੀਤ ਦੀਆਂ ਕੁੱਝ ਪ੍ਰਤੀਨਿਧ ਨਜ਼ਮਾਂ ਦੀ ਸੁਰ ਦੇਸ਼ ਭਗਤੀ ਤੇ ਸਾਂਝੀਵਾਲਤਾ ਵਾਲੀ ਹੈ। ਉਸ ਦਾ ਇਸ ਪ੍ਰਤੀ ਮੋਹ ਨੂੰ ਕੌਮੀ ਭਾਵਨਾ ਜਾਂ ਕੌਮੀ ਮਾਣ ਦੇ ਰੂਪ ਵਿੱਚ ਵੀ ਦੇਖਿਆ ਜਾ ਸਕਦਾ ਹੈ, ਜਿਸ ਵਿੱਚ ਰਾਸ਼ਟਰੀ ਨਾਇਕਾਂ ਦੇ ਰਾਜਨੀਤਿਕ ਜਾਂ ਇਤਿਹਾਸਕ ਪੱਖ ਸ਼ਾਮਲ ਹਨ, ਜਿਵੇਂ:- 'ਸਲਾਮ ਭਗਤ ਸਿਆਂ- ਭਗਤ ਸਿਆਂ....! ਤੈਨੂੰ ਵੇਖਿਆ ਤਾਂ ਨਹੀਂ -- ਪਰ, ਪੜ੍ਹਿਆ ਜ਼ਰੂਰ ਐ-ਤੇਰੇ ਜਜ਼ਬੇ ਤੇ ਜਿਗਰੇ ਨੂੰ-ਸਲਾਮ ਭਗਤ ਸਿਆਂ....!!

'ਸੰਕਲਪ'- ਕਦ ਪੁੰਗਰਣੈ- ਅਸਲ ਆਜ਼ਾਦੀ ਦਾ- ਉਹ ਬੀਜ--ਮੇਰੇ ਵੀਰ ਭਗਤ ਸਿੰਘ-, ਰਾਜਗੁਰੂ ਤੇ ਸੁਖਦੇਵ ਨੇ ਆਪਣਾ ਸਿਦਕ ਦੇ ਕੇ-ਆਪਣੇ ਰੱਤ ਦੇ- ਨਾਲ ਸਿੰਜ ਕੇ-ਆਪਾਂ ਸਭਨਾਂ ਤੋਂ ਇੱਕ ਉਮੀਦ ਅਤੇ-ਵਾਅਦੇ ਨਾਲ-ਉਸ ਆਜ਼ਾਦੀ ਨੂੰ-ਜੇ ਆਪਾਂ-ਵਿਚਾਰਧਾਰਾ ਦੇ-ਵਾਅਦੇ ਤੋਂ ਹੀ-ਮੁਨਕਰ ਹੋਏ ਫਿਰਦੇ ਹਾਂ-ਤਾਂ ਫਿਰ ਆਜ਼ਾਦੀ ਦੀ-ਕੀ ਅਹਿਮੀਅਤ ਹੈ....? -ਜ਼ਰਾ-ਸੋਚੋ...! ਜ਼ਰਾ-ਸੋਚ ਜਾਂ 'ਊਧਮ ਸਿਆਂ' ਦੇ ਕਿਰਦਾਰ ਦੀ ਗੱਲ ਕਰਦਾ।

4) **ਰਾਜਨੀਤੀ ਬਾਰੇ:**

ਧਾਰਮਿਕ ਸਥਾਨਾਂ ਤੇ ਜਾ ਕੇ ਵੀ ਮਨ ਨੂੰ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ। ਇੱਥੇ ਸਿਆਸਤਦਾਨ ਨੇਤਾ, ਇਨ੍ਹਾਂ ਨੂੰ ਨਾ ਕੇਵਲ ਆਪਣੇ ਸਿਆਸੀ ਹਿਤ ਚਮਕਾਉਣ ਲਈ ਵਰਤਦੇ ਦਿਖਾਈ ਦਿੰਦੇ ਹਨ, ਸਗੋਂ ਲੋਕਾਂ ਤੇ ਦਿਲਾਂ ਵਿਚ ਨਫ਼ਰਤ ਦਾ ਬੀ ਬੀਜਣ ਦੀਆਂ ਘਿਣਾਉਣੀਆਂ ਕੋਸ਼ਿਸ਼ਾਂ ਵੀ ਕਰਦੇ ਰਹਿੰਦੇ ਹਨ। ਉਨ੍ਹਾਂ ਆਮ ਆਦਮੀ ਦੀ ਅਗਵਾਈ ਤਾਂ ਕੀ ਕਰਨੀ ਹੈ, ਸਗੋਂ ਪਹਿਲਾਂ ਨਾਲੋਂ ਰਸਾਤਲ ਵੱਲ ਲਿਜਾਉਣ ਦੀਆਂ ਕੋਸ਼ਿਸ਼ਾਂ ਵਿਚ ਲੱਗੇ ਦਿਖਾਈ ਦਿੰਦੇ ਹਨ। ਸਾਡੀ ਜ਼ਮੀਰ ਮਾਰਨ ਵਿਚ ਕੋਈ ਕਸਰ ਨਹੀਂ ਛੱਡਦੇ ਤੇ ਸਾਨੂੰ ਹੀ ਸਾਡੇ ਆਪਣਿਆਂ ਤੋਂ ਦੂਰ ਕਰ ਕੇ, ਸੋਚਾਂ 'ਚ ਵੰਡੀਆਂ ਪਾਕੇ, ਧਰਮ ਦੀ ਆੜ ਹੇਠ ਲੜਾਉਂਦੇ ਹਨ। ਇਨ੍ਹਾਂ ਹਾਲਤਾਂ ਵਿਚ ਆਮ ਤੌਰ 'ਤੇ ਵਿਅਕਤੀ ਯਥਾ ਸਥਿਤੀ ਨਾਲ ਸਮਝੌਤਾ ਕਰਨ ਲਈ ਮਜ਼ਬੂਰ ਹੋ ਜਾਂਦਾ ਹੈ। ਅਜਿਹੀ ਅਵਿਵਸਥਾ ਨੂੰ ਹੀ ਉਹ ਵਿਵਸਥਾ ਮਹਿਸੂਸ ਕਰਦਾ ਹੈ। ਕਈ ਵਾਰੀ, ਕੋਈ ਕਮਜ਼ੋਰ ਮਨੋਬਲ ਵਾਲਾ ਵਿਅਕਤੀ ਜੀਵਨ ਸੰਘਰਸ਼ ਕਰਦਾ ਕਰਦਾ ਇਸ ਹਾਲਤ ਤਕ ਪਹੁੰਚ ਜਾਂਦਾ ਹੈ ਕਿ ਉਹ ਮੌਤ ਵਰਗੀ 'ਖ਼ੁਦਕਸ਼ੀ' ਨੂੰ

ਆਪਣੀਆਂ ਤਕਲੀਫ਼ਾਂ ਦਾ ਇੱਕੋ ਇੱਕ ਹੱਲ ਲੱਭ ਲੈਂਦਾ ਹੈ। ਅਜਿਹੀ ਸਥਿਤੀ ਵਿਚ ਪਰਮਜੀਤ ਦੀ ਗਤੀਸ਼ੀਲ ਕਾਵਿ ਚੇਤਨਾ ਨੇ ਬਦਲਦੇ ਹੋਏ ਵਿਭਿੰਨ ਵਿਸ਼ੇ ਗਤ ਸਰੋਕਾਰਾਂ ਨੂੰ, ਕੁੱਝ ਨਜ਼ਮਾਂ ਵਿਚ ਕਮਾਲ ਦੀ ਕਲਾ ਨਾਲ ਚਿਤਰਿਆ ਹੈ। ਉਹ ਕੁਝ ਸਵਾਲ 'ਰਾਜਨੀਤੀ ਨੂੰ' 'ਚ ਖੁੱਲ੍ਹ ਕੇ ਪੁੱਛਦਾ ਹੈ -ਤੈਨੂੰ ਕੀ ਮਿਲਿਆ...! ਪੰਜਾਬ ਦੀ -ਜਵਾਨੀ ਨੂੰ -ਨਸ਼ਿਆਂ 'ਚ-ਤੇ ਕਿਰਸਾਨੀ ਨੂੰ ਖੁਦਕੁਸ਼ੀਆਂ-ਦੇ ਰਾਹ ਤੋਰ ਕੇ ? 'ਜੈ ਜਵਾਨ- ਜੈ ਕਿਰਸਾਨ-ਦੱਸ ਕਿੱਥੇ ਦਫ਼ਨ-ਕਰ ਦਿੱਤੇ...? ਸ਼ਬਦ- ਗੁਰੂ ਦਾ-ਘੋਰ ਅਪਮਾਨ ਕਰ-ਕੁੱਲ ਮਨੁੱਖਤਾ ਦਾ-ਕਲੇਜਾ ਵਲੂੰਧਰ ਤਾਂ।' 'ਬੇਵਸ ਅੰਨਦਾਤਾ'- ਹਾਕਮ ਸਦਭਾਵਨਾ ਰੈਲੀਆਂ ਦਾ ਪ੍ਰਦਰਸ਼ਨ ਕਰ ਅੰਨਦਾਤੇ ਨੂੰ ਨੂੜ- ਉਨ੍ਹਾਂ ਦੀਆਂ ਭਾਵਨਾਵਾਂ-ਦਾ ਕਾਤਲ ਬਣਿਆ ਏ.... -ਜਾਗਦੀਆਂ ਜ਼ਮੀਰਾਂ ਵਾਲੇ ਭਾਈ ਘਨ੍ਹੱਈਏ ਦੇ ਵਾਂਗ-ਰੰਗਾਂ ਦੀ ਮਸ਼ਕ ਦੇ ਨਾਲ - ਆਪਣੀ ਕਲਮ ਦੇ ਸੰਗ- ਏਸ ਮਖੌਟੇ ਦੇ - ਪਿਛਲੇ ਚਿਹਰੇ ਨੂੰ।'

ਸਮਾਜਿਕ ਤਾਣੇ ਬਾਣੇ 'ਤੇ ਜ਼ੋਰਦਾਰ ਸ਼ਬਦਾਵਲੀ ਨਾਲ ਕਟਾਖਸ਼ ਕਰਦੀਆਂ ਇਹ ਨਜ਼ਮਾਂ ਨੂੰ ਵੀ ਵਿਸ਼ੇਸ਼ ਧਿਆਨ ਨਾਲ ਦੇਖਿਆ ਜਾ ਸਕਦਾ:- 'ਮਹਿੰਗਾਈ' ਹੈ, ਜਿਸ ਦਾ ਅੰਤ ਹੈ ਖੁਦਕੁਸ਼ੀ।' 'ਸਮੇਂ ਦਾ ਸੱਚ'- ਮਹਿੰਗਾਈ ਅੱਜ ਤੋਂ ਨਹੀਂ!-ਮੁੱਦਤਾਂ ਤੋਂ ਹੀ ਹੈ। ਅੰਤ ਹਾਰ ਜਾਂਦਾ ਮਨੁੱਖ, -ਜ਼ਿੰਦਗੀ ਦੇ ਪੰਧ ਤੋਂ। 'ਜ਼ਮਾਨਾ ਕੈਸਾ ਹੈ'- ਆਰਥਿਕ ਪੱਖੋਂ ਕਮਜ਼ੋਰ ਲੋਕਾਂ ਦੀਆਂ ਸਮੱਸਿਆਵਾਂ ਨੂੰ ਬਹੁਤ ਸ਼ਿੱਦਤ ਨਾਲ ਪੇਸ਼ ਕੀਤਾ ਹੈ-ਪੈਸੇ ਪ੍ਰਦਾਨ-ਧੀ ਭੈਣ ਦੀ ਸ਼ਰਮ ਨਾ ਕਾਈ, ਦੁਸ਼ਮਣ ਬਣੇ ਅੱਜ ਭਾਈ-ਭਾਈ, ਪੈਰਾਂ ਦੇ ਵਿੱਚ ਇੱਜ਼ਤ ਰੋਲ਼ੀ, ਲੁੱਟੀ ਦੌਲਤ ਪਿਉ ਦੀ ਸਾਰੀ-ਜ਼ਮਾਨਾ ਕੈਸਾ ਹੈ....! 'ਕਦੋਂ ਤੱਕ'-ਉਲਝਿਆ ਰਹੇਗਾ-ਜ਼ਿੰਦਗੀ ਜਿਊਣ ਦਾ ਇਹ ਤਾਣਾ-ਬਾਣਾ -ਜਵਾਨ ਧੀਆਂ -ਕੁੱਲੀ, ਗੁੱਲੀ, ਜੁੱਲੀ-ਏਸ ਕਲਯੁਗੀ-ਸਮਾਜ ਅੰਦਰ ਡਿਗਰੀਆਂ ਫੜ੍ਹੀ-ਹੋਣਗੇ ਜ਼ਲੀਲ-ਭ੍ਰਿਸ਼ਟ ਹਾਕਮਾਂ ਦੀ ਕਚਹਿਰੀ ਵਿਚ ਸਾਡੇ ਇਹ ਨੌਜਵਾਨ। 'ਭੂਚਾਲ' ਵਿਚ ਕਵੀ ਦੇ ਸੰਵੇਦਸ਼ੀਲ ਵਿਚਾਰ ਦੇਖੋ, 'ਇਕੱਲਾ-ਇਮਾਰਤਾਂ ਦਾ ਹਿੱਲਣਾ-ਡਿਗਣਾ ਜਾਂ ਲੋਕਾਂ ਦਾ ਮਰ ਜਾਣਾ ਹੀ ਭੂਚਾਲ ਨਹੀਂ ? -ਔਰਤ ਦੀ ਇੱਜ਼ਤ ਨੂੰ-ਭਰੇ ਬਾਜ਼ਾਰ ਵਿੱਚ ਹੱਥ ਪਾ, ਤੇਜ਼ਾਬੀ ਹਮਲਾ ਕਰ, -ਜਬਰੀ ਬਾਲ ਮਜ਼ਦੂਰੀ। -ਬੇਵਸ ਗ਼ਰੀਬ ਨੂੰ। -ਕੁੱਟ ਤੇ ਲੁੱਟ ਕੇ ਅਪਾਹਜ ਕਰ ਮੰਗਣ, -ਆਪਣੇ ਹੀ ਦੇਸ਼ ਖਾਤਰ, -ਇਨਸਾਨੀਅਤ ਅਤੇ ਜ਼ਮੀਰ ਮਰ ਮੁੱਕ, -ਕਰਜ਼ੇ ਤੋਂ ਤੰਗ ਖੁਦਕੁਸ਼ੀ। 'ਅਜਿਹੀਆਂ ਕਵਿਤਾਵਾਂ ਲੋਕਾਂ ਦੇ ਧੁੱਖਦੇ ਚਿੰਤਨ ਨੂੰ ਮਘਾਉਣ ਦਾ ਕਾਰਜ ਕਰਦੀਆਂ ਹਨ। ਇਸ ਸ਼੍ਰੇਣੀ ਵਿਚ ਹੋਰ ਵੀ ਕਈ ਨਜ਼ਮਾਂ ਆਉਂਦੀਆਂ ਹਨ, ਜਿਵੇਂ -ਕਾਰਗਿਲ ਦੀ ਜੰਗ, ਐਗਜ਼ਿਟ ਪੋਲ, ਮਜ਼ਦੂਰ ਦਿਵਸ ਆਦਿ ਆਦਿ।

5- ਸਭਿਆਚਾਰ ਤੇ ਤਿਉਹਾਰ:

ਕਵੀ ਨੇ ਆਪਣੇ ਪ੍ਰਾਂਤ ਦੇ ਸਮਾਜਿਕ ਜੀਵਨ ਅਤੇ ਸਭਿਆਚਾਰ ਨਾਲ ਜੁੜੇ ਕਈ ਸਰੋਕਾਰਾਂ ਅਤੇ ਮੁੱਦਿਆਂ ਨੂੰ ਆਪਣੀ ਰਚਨਾ ਦਾ ਵਿਸ਼ਾ-ਵਸਤੂ ਬਣਾਇਆ

ਹੈ, ਜੋ ਆਏ ਦਿਨ ਪੰਜਾਬ ਦੇ ਸਮਾਜਿਕ ਜੀਵਨ ਵਿਚ ਨਿਘਾਰ ਅਤੇ ਸਦਾਚਾਰ ਦੀਆਂ ਨੈਤਿਕ ਕਦਰ ਕੀਮਤਾਂ ਨੂੰ ਪਤਨ ਵਲ ਲਿਜਾ ਰਹੇ ਹਨ। ਇਸ ਨਿਘਾਰ ਦੀ ਸਥਿਤੀ ਬਾਰੇ ਉਹ ਬਹੁਤ ਸੁਚੇਤ ਹੈ ਤੇ ਚਿੰਤਤ ਵੀ। ਕੁੱਝ ਨਜ਼ਮਾਂ ਵਿਚ ਕਿਸੇ ਪ੍ਰਗਟਾ ਦੀਆਂ ਝਲਕਾਂ ਮਿਲਦੀਆਂ ਹਨ:- 'ਅਲੋਪ ਰੰਗ' - ਸਭਿਆਚਾਰ ਬਾਰੇ- ਜੰਡ, ਕਰੀਰ, ਚੰਨਣ- ਗੁੱਲੀ-ਡੰਡਾ, ਖਿੱਦੋ-ਖੂੰਡੀ, ਗੁੜਕਾਨਾ-ਲੱਕੜ ਆਦਿ ਆਦਿ ਦਾ ਬੜੀ ਖੂਬਸੂਰਤੀ ਨਾਲ ਜ਼ਿਕਰ ਕੀਤਾ ਗਿਆ ਹੈ। ਇਸੇ ਤਰ੍ਹਾਂ ਗੱਲ ਤਾਂ ਉਹ ਆਪਣੇ 'ਬਚਪਨ' ਦੀ ਕਰਦਾ ਹੈ, ਪਰ ਉਸ ਵਿੱਚੋਂ ਉਸ ਸਮੇਂ ਦੇ ਸਮਾਜਿਕ ਜੀਵਨ ਅਤੇ ਸਭਿਆਚਾਰ ਦੀ ਤਸਵੀਰੀ ਝਲਕ ਦੇਖਣ ਨੂੰ ਮਿਲਦੀ ਹੈ, ਜਿਵੇਂ - 'ਖ਼ਾਸੀ ਮੁੱਠ ਭਰ ਜਾਂਦੀ ਸੀ। ਚੀਜ਼ੀ ਦੇ ਨਾਲ .... ਦੜੰਗੇ ਮਾਰਦੇ ਆਉਂਦੇ .... ਸਕੂਲ ਵੇਲੇ ਦੀ ਅਤੀਤ ਦੀਆਂ ਯਾਦਾਂ 'ਚ ਗੁਆਚੇ ਪਲਾਂ 'ਚ ਚੇਤੇ ਆ ਹੀ ਜਾਂਦੇ।'

ਪਰਮਜੀਤ ਹੁਣ ਤਕ ਤਕਰੀਬਨ 30 ਵਾਰ ਖ਼ੂਨ ਦੇ ਕੇ 'ਖ਼ੂਨ ਦਾਨੀ ਬਣ ਚੁੱਕਾ ਹੈ, ਜੋ ਇਸ ਗੱਲ ਦਾ ਸੂਚਕ ਪ੍ਰਮਾਣ ਹੈ ਕਿ ਉਹ ਕਿਸੇ ਲੋੜਵੰਦ ਦੀ ਜ਼ਿੰਦਗੀ ਬਚਾਉਣ 'ਚ ਮਦਦਗਾਰ ਸਾਬਤ ਹੋਣ ਲਈ ਸਦਾ ਤਤਪਰ ਰਹਿੰਦਾ ਹੈ। ਉਹ ਕਹਿੰਦਾ ਹੈ, 'ਮੈਂ ਲੋਕ ਅਮਾਨਤ ਹਾਂ- ਇਥੇ ਹੀ ਬਸ ਨਹੀਂ, ਇਸ ਕਿਤਾਬ ਦੇ ਰਚਣਹਾਰੇ ਨੇ ਆਪਣੀ ਦੇਹ (ਸਰੀਰ) ਨੂੰ ਵੀ ਦਾਨ ਕਰ ਕੇ ਕੌਮ ਦੇ ਲੇਖੇ ਲਾ ਛੱਡਿਆ ਹੈ। ਉਸ ਦਾ ਸਰੀਰ ਦਾਨ- ਲੋਕਾਂ ਦੀ ਜ਼ਿੰਦਗੀ ਨੂੰ ਹੀ ਸਮਰਪਿਤ ਹੈ। ਸਮਾਜ ਸੇਵਾ ਦੇ ਕਾਰਜ ਅਤੇ ਆਪਣੇ ਅਧਿਆਪਕ ਕਿੱਤੇ ਵਿੱਚ ਸਮੱਰਪਿਤ ਪੂਰੇ ਸਟੇਟ ਵਿੱਚ ਆਪਣੇ ਵਿਸ਼ੇ ਨੂੰ ਉਪਰ ਚੁੱਕਣ ਲਈ ਨਵੀਨਤਮ ਖੋਜਾਂ ਲਈ ਜਾਣੇ ਜਾਂਦੇ ਪਰਮ ਨੂੰ ਸਿੱਖਿਆ ਤੇ ਸਮਾਜ ਸੇਵਾ ਵਿੱਚ ਬੇਹਤਰ ਕਾਰਗੁਜ਼ਾਰੀ ਬਦਲੇ ਪੰਜਾਬ ਸਕਰਾਰ ਵਲੋਂ ਸਾਲ 2014 ਵਿੱਚ 'ਸਟੇਟ ਐਵਾਰਡ' ਦੇ ਨਾਲ ਵੀ ਨਿਵਾਇਆ ਜਾ ਚੁੱਕਾ ਹੈ।

ਤਿਉਹਾਰ: ਹਰ ਭਾਈਚਾਰੇ ਦੇ ਆਪਣੇ ਆਪਣੇ ਗੀਤ-ਰਿਵਾਜ ਹੁੰਦੇ ਹਨ, ਜੋ ਉਨ੍ਹਾਂ ਦੇ ਜੀਵਨ ਪ੍ਰਵਾਹ ਵਿੱਚੋਂ ਪੀੜ੍ਹੀ ਦਰ ਪੀੜ੍ਹੀ ਅੱਗੋਂ ਅੱਗੇ ਤੁਰਦੇ ਰਹਿੰਦੇ ਹਨ। ਹਰ ਵਿਅਕਤੀ ਆਪਣੀ ਦ੍ਰਿਸ਼ਟੀ ਅਨੁਸਾਰ ਉਨ੍ਹਾਂ ਦੀ ਮਹੱਤਤਾ ਨੂੰ ਸਮਝਦਾ ਹੋਇਆ ਮਾਨਸਿਕ ਤਸੱਲੀ ਪ੍ਰਾਪਤ ਕਰਦਾ ਹੈ। ਪਰਮਜੀਤ ਨੇ ਇਸ ਵਿਸ਼ੇ 'ਤੇ ਆਪਣੇ ਵਿਦਵਤਾ ਭਰਪੂਰ ਅਤੇ ਪੁਖ਼ਤਾ ਵਿਚਾਰ ਇਨ੍ਹਾਂ ਨਜ਼ਮਾਂ ਵਿਚ ਇਸ ਤਰ੍ਹਾਂ ਦਰਸਾਏ ਹਨ।

'ਦੁਸਹਿਰਾ'- ਵਿੱਚ ਉਹ ਸਮਾਜ ਤੇ ਕਟਾਖਸ਼ ਕਰਦਾ ਕਹਿੰਦਾ ਹੈ 'ਇਹ ਬਦੀ ਉੱਪਰ ਨੇਕੀ ਦੀ ਜਿੱਤ ਦਾ ਪ੍ਰਤੀਕ ਹੈ -ਤੁਹਾਡਾ ਭਰਮ ਤੇ ਨਹੀਂ? ਰਾਵਣ ਮਰਿਆ ਹੀ ਕਦ ਸੀ? ਆਪਣੇ ਅੰਦਰ ਬੈਠੇ ਉਸ ਰਾਵਣ ਨੂੰ ਚੁਆਤੀ ਲਾਵੋ ਜੋ ਪਰਮ-ਆਤਮਾ ਦਾ ਸਦੀਆਂ ਤੋਂ ਵੈਰੀ ਹੈ....।

ਰਾਜਨੀਤੀ ਦਾ ਧਰਮ ਵਿਚ ਖੁੱਲ੍ਹਾ ਦਖ਼ਲ ਕਈ ਵਾਰੀ ਅਸਹਿ ਨਿੰਦਿਆ ਯੋਗ ਘਟਨਾਵਾਂ ਨੂੰ ਜਨਮ ਦੇ ਦਿੰਦਾ ਹੈ, ਇਸ ਦ੍ਰਿਸ਼ਟੀਕੋਣ ਤੋਂ 'ਰੋਸ' ਦਾ ਜ਼ਿਕਰ ਕੀਤਾ ਜਾ ਸਕਦਾ ਹੈ, 'ਦਿਵਾਲੀ ਮਨਾਵਾਂ ਕਿਸ ਤਰ੍ਹਾਂ ?' ਵਿੱਚ ਦੇਖੋ, 'ਮੇਰੇ ਗੁਰੂ ਦਾ ਹੋਇਆ ਅਪਮਾਨ-ਦੀਪ ਜਲਾਵਾਂ ਕਿਸ ਤਰ੍ਹਾਂ ? ਕਾਲੀਆਂ ਕਰਤੂਤਾਂ ਵਾਲੇ ਲੋਕਾਂ ਤੇ -'ਪਰਮ' ਦੇ ਸੀਨੇ ਧੁਖਦੇ ਨੇ- ਅੰਗਿਆਰ ਬੁਝਾਵਾਂ ਕਿਸ ਤਰ੍ਹਾਂ ? ਇਸੇ ਤਰ੍ਹਾਂ ਉਹ 'ਲੋਹੜੀ ਮੁਬਾਰਕ' -ਵਿਚ ਨਵੇਂ ਨਿਕੋਰ ਵਿਚਾਰ ਪੇਸ਼ ਕਰਦਾ ਕਹਿੰਦਾ ਹੈ, 'ਧੀਆਂ ਦਾ ਜੋ ਕਰੇ ਸਨਮਾਨ- ਜੋ ਕਰਦਾ ਖ਼ੂਨ ਦਾ ਦਾਨ ਹੈ- ਸਭ ਦਾਨਾਂ ਵਿੱਚੋਂ ਮਹਾਨ ਹੈ-ਉਸ ਨੂੰ ਲੋਹੜੀ ਮੁਾਬਰਕ...।

6) ਰਿਸ਼ਤਿਆਂ ਦੀ ਗੱਲ:

ਅੱਜ-ਕੱਲ੍ਹ ਦੁਨਿਆਵੀ ਪੱਧਰ ਤੇ ਮਾਨਵੀ ਸਬੰਧ ਦੀ ਮਹੱਤਤਾ ਘੱਟ ਰਹੀ ਹੈ, ਜੋ ਇਨਸਾਨ ਦੀਆਂ ਮਜ਼ਬੂਰੀਆਂ, ਪਰਿਵਾਰਕ ਝਮੇਲੇ, ਇੱਕ ਦੂਜੇ ਦਾ ਸ਼ੋਸ਼ਣ ਆਦਿ ਕਈ ਹੋਰ ਕਾਰਨਾਂ ਕਰ ਕੇ ਅੱਖਾਂ ਸਾਹਮਣੇ ਆ ਰਿਹੈ। ਪਰਮਜੀਤ ਦਾ ਮਨ ਵੀ ਇਸ ਸਮੱਸਿਆ ਤੋਂ ਅਭਿੱਜ ਨਹੀਂ ਰਿਹਾ। ਉਸ ਨੇ ਇਸ ਵਿਸ਼ੇ ਤੇ ਕਈ ਭਾਵਪੂਰਨ ਨਜ਼ਮਾਂ ਲਿਖੀਆਂ ਹਨ ਜਿਵੇਂ: 'ਆਪਣੇ ਵਿਚ ਉਹ ਕਹਿੰਦਾ ਹੈ:- 'ਆਪਣਿਆਂ ਦੀਆਂ ਨਜ਼ਰਾਂ 'ਚ ਮੈਂ ਮੁਸਾਫ਼ਿਰ ਹੋ ਗਿਆ -ਨਾ ਕੋਈ ਆਪਣਾ ਏ ਇੱਥੇ -ਦੋਸ਼ ਕ਼ੀਰ ਨੂੰ ਕੀ ਦੇਵਾਂ ?- ਆਪਣੇ ਹੀ ਘਰ ਘਰਦਿਆਂ ਹੱਥੋਂ 'ਪਰਮ' ਹੋਇਆ ਬੇਘਰ।' 'ਰਾਹ-ਦਸੇਰੇ' - ਵਿਚ ਉਹ ਇੱਕ ਬਹੁਤ ਹੀ ਨਵੇਂ ਤਰੀਕੇ ਨਾਲ ਵਿਦਿਆਰਥੀ ਤੇ ਅਧਿਆਪਕ ਦੇ ਰਿਸ਼ਤੇ ਦੀ ਭਾਵਨਾ ਬਾਰੇ ਗੱਲ ਕਰਦਾ ਹੈ- ਪਹਿਲੀ ਜੱਗ ਜਣਨੀ ਅਧਿਆਪਕ ਹੈ ਮੇਰੀ ਮਾਂ- ਦੂਜੇ-ਬਾਪ ਨੇ ਚੁੱਕ ਮੋਢੇ 'ਤੇ ਖਿਡਾਇਆ ਸਾਨੂੰ -ਤੀਜਾ ਅਧਿਆਪਕ ਜਿੰਨਾ ਦਿੱਤਾ ਅੱਖਰ ਗਿਆਨ-ਗੁਰੂਆਂ ਦੀ ਅਦੁੱਤੀ ਦੇਣ 'ਤੇ ਮੇਰਾ ਸੀਸ ਸਦਾ ਹੀ ਝੁਕਦਾ ਹੈ -ਅੱਜ ਪਰਮ ਵੀ ਚਾਨਣ ਵੰਡ ਰਿਹਾ, -ਜੋ ਪੱਤਾ ਵੀ ਉਸੇ ਰੁੱਖ ਦਾ ਹੈ। ਜਦ ਪਰਮਜੀਤ ਧੀਆਂ ਦੇ ਰਿਸ਼ਤਿਆਂ ਦੀ ਗੱਲ ਤੋਰਦਾ ਹੈ ਤਾਂ ਉਸ ਦੇ ਦਿਮਾਗ਼ ਵਿਚ ਨਾ ਕੇਵਲ ਉਹ ਭਰਾ ਦੇ ਰਿਸ਼ਤੇ ਨੂੰ ਹੀ ਸੋਚਦਾ, ਸਗੋਂ ਇਸ ਤੋਂ ਕਿੱਤੇ ਵਧ ਹੁੰਦੇ ਅੱਤਿਆਚਾਰਾਂ ਨੂੰ ਵੀ ਉਭਾਰਦਾ ਹੈ, ਜੋ ਜ਼ਿਆਦਾਤਰ ਲੋਕ ਪੀੜਾ ਤੇ ਲੋਕ ਹਿਤਾਂ ਨਾਲ ਜੁੜੇ ਹੋਏ ਹਨ।

'ਤ੍ਰਾਸਦੀ' -'ਰੱਖੜੀ ਦਾ ਪਵਿੱਤਰ-ਤਿਉਹਾਰ ਹੈ- ਅਭਾਗਣ ਭੈਣਾਂ-ਰੱਖੜੀ ਬੰਨ੍ਹ ਪਰ ਅਫ਼ਸੋਸ ਅੱਜ ਉਹ ਰੱਖੜੀ ਵਾਲੇ-ਗੁੱਟ ਤਾਂ ਮੌਜੂਦ ਨੇ-ਪਰ ਉਹ ਭੈਣਾਂ ਨਹੀਂ...! ਕੁੱਝ ਦਾਜ ਦੀ ਬੋਲੀ- ਕੁੱਝ ਬਲਾਤਕਾਰ ਦਾ ਸ਼ਿਕਾਰ -ਕੁੱਝ ਤੇਜ਼ਾਬੀ ਹਮਲੇ ਦੀ ਭੇਂਟ-ਤੇ ਕੁੱਝ ਬੱਸਾਂ ਦੇ ਵਿਚ-ਬੇ-ਮੌਤ ਮਾਰੀਆਂ ਗਈਆਂ।

ਮਾਂ ਤੇ ਧੀ ਦੇ ਕਲੰਕਿਤ ਹੁੰਦੇ ਰਿਸ਼ਤੇ (ਭਰੂਣ ਹੱਤਿਆ) ਤੇ ਉਸ ਦੀਆਂ ਇਹ ਦੋ ਨਜ਼ਮਾਂ ਖ਼ੂਨ ਦੇ ਅੱਥਰੂ ਕੇਰਦੀਆਂ ਹਨ: 'ਨੰਨ੍ਹੀ ਜਿੰਦ'-'ਪਰਮ' ਆਤਮਾ ਚੁੱਪ ਹੋ

ਜਾਂਦੇ-ਜਦ ਟੁਕੜੇ ਹੋਵਣ ਬੱਚੀਆਂ ਦੇ।' 'ਨੰਨ੍ਹੀ ਛਾਂ'- ਪਲ ਪਲ ਮਰਦੀਆਂ ਨੇ ਕਦੇ ਗਰਭ 'ਚ- ਕਦੇ ਤੇਜ਼ਾਬ ਦਾ ਸ਼ਿਕਾਰ-ਕਦੇ ਦਾਜ ਦੀ ਬਲੀ ਤੇ ਕਦੇ ਬੱਸਾਂ ਵਿੱਚ। ਪੈਸੇ ਦੇ ਨਾਲ ਸਭ ਕੁੱਝ ਖ਼ਰੀਦਿਆਂ ਜਾ ਸਕਦੇ... ਪਰ ਜ਼ਮੀਰ ਨਹੀਂ ਅਤੇ ਇਸ ਦੇ ਨਾਲ ਹੀ 'ਇਹ ਕੂੰਜਾਂ'- ਵਿਚ ਧੀ ਪ੍ਰਤੀ ਉਸ ਦੇ ਵਿਚਾਰ ਦੇਖੋ, 'ਇਹ ਕੂੰਜਾਂ ਹੀ ਤਾਂ ਨੇ ਜੋ ਬੁਢੇਪੇ ਵਿਚ ਵੀ ਬਿਰਧ ਮਾਂ-ਬਾਪ ਦਾ ਦੁੱਖ ਵੰਡਾਉਂਦੀਆਂ ਨੇ- ਕਰਮਾਂ ਵਾਲੇ ਨੇ- ਜਿਨ੍ਹਾਂ ਦੇ ਘਰ-ਰੱਬ ਨੇ ਧੀ-ਦੀ ਦਾਤ ਬਖ਼ਸ-ਬਜ਼ੁਰਗਾਂ ਦਾ-ਮਾਣ ਤੇ ਸਤਿਕਾਰ-ਵਧਾਇਆ ਹੈ।

7) ਪਿਆਰ ਤੇ ਪਿਆਰੇ ਬਾਰੇ ਨਿੱਜੀ ਅਹਿਸਾਸ:

ਜਦ ਉਹ ਪਿਆਰ ਤੇ ਰੁਮਾਂਸ ਦੇ ਬਾਰੀਕ ਅਹਿਸਾਸਾਂ ਦੀਆਂ ਗੱਲਾਂ ਕਰਦਾ ਤਾਂ ਉਸ ਦੀ ਕਵਿਤਾ ਅਤਿਅੰਤ ਮਾਤਮੀ ਸੁਰ ਦੇ ਨਾਲ ਨਾਲ ਅਨੁਭਵ ਦੀ ਨਿਮਰਤਾ ਤੇ ਸੁਹਜ ਦੇ ਵਿਵੇਕ ਨੂੰ ਸ਼ਬਦਾਂ ਦਾ ਨਰਮ ਪਸ਼ਮੀਨਾ ਪਹਿਨਾ ਕੇ ਆਪਣੇ ਪੂਰੇ ਅਨੁਭਵ, ਭਾਵ ਜਾਂ ਵਿਚਾਰਾਂ ਦੇ ਪ੍ਰਗਟਾ ਨੂੰ ਸਫ਼ਲਤਾ ਪੂਰਵਕ ਤਰੀਕੇ ਨਾਲ ਕਲਮ ਦੇ ਸਨਮੁੱਖ ਹੋ ਜਾਂਦੀ ਹੈ, ਜੋ ਉਸ ਦੇ ਕਲਾਤਮਕ ਕਾਵਿ-ਮਈ ਕਾਰਜ ਦੀ ਸੂਝ ਨੂੰ ਦਰਸਾਉਂਦੀ ਹੈ। ਇਨ੍ਹਾਂ ਨਜ਼ਮਾਂ ਰਾਹੀਂ ਉਸ ਦੇ ਵਿਚਾਰਾ ਨਾਲ ਸਾਂਝ ਪਾਈ ਦੇਖੋ, 'ਕਠਪੁਤਲੀ- ਤੂੰ ਕੀ ਜਾਣੇ ਬੇਦਰਦ- ਗੁਲਿਸਤਾਂ ਦੇ ਫੁੱਲਾਂ ਦੀ ਮਹਿਕ ਨੂੰ ? ਕਾਗ਼ਜ਼ੀ ਫੁੱਲਾਂ ਦੇ ਨਾਲ-ਖੇਡਣ ਵਾਲਿਆਂ (ਪਿਆਰ ਵਿਚ) ਕਠਪੁਤਲੀ ਬਣੀ ਆ। 'ਡਰ ਤੋਂ ਨਹੀਂ-ਤੇਰੇ ਬੋਲਾਂ -ਤੋਂ ਡਰ- ਲੱਗਦੇ । 'ਯਾਰਾ' 'ਨਾਸੂਰ ਸਾਂਭ ਕੇ ਜੋ ਰੱਖੇ ਨੇ-ਜ਼ਖ਼ਮ, ਤੇਰੀ ਹੀ ਯਾਦ ਲਈ -ਬਸ ਏਨਾ ਹੀ ਕਾਫ਼ੀ ਸਦਾ ਤੇਰੀ ਯਾਦ ਲਈ। 'ਤਕਰਾਰ- 'ਮੈਨੂੰ ਹੀ ਨਿੱਤ-ਝਿੜਕਾਂ ਮਾਰਦੇ- ਕਦੇ ਹੋਰ ਕਿਸੇ ਨੂੰ, - ਕੁੱਝ ਕਹਿ ਵੀ। ਕਿਉਂ ਪਰਮ-ਜਿੰਦ ਪਿਆ ਕੱਢਦੈਂ ? -ਮੈਂ ਪ੍ਰੀਤ ਹਾਂ ਤੇਰੀ, ਤੂੰ ਚਾਹੇ ਕੁੱਝ ਕਹਿ ਵੀ । 'ਪੀੜ੍ਹ ਹਿਜ਼ਰ ਦੀ- 'ਪਰਮ' ਝੱਲ ਨਾ ਹੋਵੇ ਮੁੱਖ ਦੱਸਦਾ ਨਾ ਦੁੱਖ- ਦਿਲ ਕੱਲਾ ਬਹਿ ਰੋਵੇ। 'ਨਿਹੋਰਾ'-ਸਦਾ ਸੁਖੀ -ਤੂੰ ਵਸੇਂ-ਐਪਰ ਸੰਗ- ਪਰਮ-ਆਤਮਾਂ-ਦਾ ਹੋਵੇ- ਮਾਣੇ ਖੁਸ਼ੀਆਂ ਤੇ ਖੇੜੇ- ਨੀਂਦ ਚੈਨ -ਦੀ ਤੂੰ ਸੌਵੇਂ ! 'ਨਸੀਹਤ'-ਪਿਆਰ ਨੂੰ ਮਾਪਣ ਦਾ-ਵੰਗਾਂ ਨੂੰ ਤੋੜ- ਘੜੀ-ਮੁੜੀ -ਸ਼ੀਸ਼ੇ ਮੂਹਰੇ ਖੜ੍ਹ- ਏਸੇ ਨੇ ਤਾਂ ਤੇਰੇ 'ਚ ਹੀ ਫ਼ਰਕ ਦੱਸਣਾ।' 'ਚੁੱਪ ਦੀ ਹੂਕ' -ਬਹੁਤ ਕੁੱਝ - ਸਿਖਾ ਗਈ ਸੀ-ਏਸੇ ਝੱਲੇ - 'ਪਰਮ' ਨੂੰ ! 'ਜਿਗਰਾ' - 'ਵਲੂੰਧਰ ਤੇ- ਤਾਂ ਨਾ ਸੁੱਟਦਾ- ਦੇਖ ਜਿਗਰਾ-ਰੋਹੀ ਵਿੰਚ ਮੁਸਕਰਾਉਂਦੇ ਹੋਏ- ਰੁੱਖ ਦਾ 'ਪਰਮ' -ਤੇਰੇ ਲਈ ਤਾਂ ਇਹ- ਮੁਸ਼ਕਿਲ ਹੋਣਾ ਸੀ। 'ਤੇਰੇ ਜਾਣ ਮਗਰੋਂ-ਭਿੱਜ ਜਾਂਦੀਆਂ ਨੇ ਇਹ ਅੱਖਾਂ। ਪਰਮਜੀਤ ਦੀਆਂ ਉਪਰੋਕਤ ਨਜ਼ਮਾਂ ਵਿਚ ਉਸ ਦੀ ਕਲਾਤਮਕ, ਸਾਹਿਤਕ ਅਤੇ ਬੌਧਕਤਾ ਝਲਕਾਂ ਮਾਰਦੀ ਹੈ।

੪) ਰਹੱਸਮਈ ਵਿਚਾਰਾਂ ਦੀ ਰੰਗਤ:

ਪਰਮਜੀਤ ਦੀਆਂ ਕਈ ਨਜ਼ਮਾਂ ਵਿਚ ਰਹੱਸਮਈ ਵਿਚਾਰਾਂ ਦੀ ਰੰਗਤ ਵੀ ਦੇਖਣ ਨੂੰ ਮਿਲਦੀ ਹੈ, ਜੋ ਉਸ ਦੇ ਸਵੈ-ਅਨੁਭਵ ਆਤਮ ਖੋਜ਼ ਦਾ ਅਸਰ ਲੱਗਦਾ, ਜਿਵੇਂ 'ਭਾਗਹੀਣ' - 'ਤੇਰੇ ਗੁਣਾਂ ਨੂੰ- ਆਪਣੇ ਔਗੁਣਾਂ ਨਾਲ - ਗੁਣਾਂ ਕੀਤੀ ਤਾਂ - ਲੋਕ ਗੁਣਵਾਨ ਸਮਝਣ ਲੱਗ ਪਏ- ਤੇ ਜਦ ਭਾਗਾਂ ਨਾਲ 'ਪਰਮ-- ਭਾਗਹੀਣ ਹੋ ਗਿਆ।' 'ਅਸਲੀ ਘਰ'- 'ਸ਼ਮਸ਼ਾਨ ਨੂੰ ਜਾਂਦੈ! ਹਾਂ ਪਤੈ- ਇਹੀ ਤਾਂ ਮੇਰਾ- ਅਸਲੀ ਘਰ ਹੈ...।' 'ਆ ਸਾਕੀ ਆ' -- 'ਬਾਤ ਇਲਮ ਦੀ ਪਾ- ਅਗਿਆਨਤਾ ਦਾ ਹਨੇਰਾ ਸ਼ਬਦਾਂ ਨਾਲ ਰੁਸ਼ਨਾ।'

'ਮਘਦੇ ਹਰਫ਼' ਨਾਲ ਜਾਣ ਪਹਿਚਾਣ ਕਰਾਉਣ ਲਈ ਅਜੇ ਬਹੁਤ ਸਮੱਗਰੀ ਪਈ ਹੈ। ਉਸ ਸਾਰੇ ਹੋਰ ਲਿਖਣੋਂ ਸੰਕੋਚ ਕਰਦਾ ਹੋਇਆ, ਮੈਂ ਪਿਆਰੇ ਪਾਠਕਾਂ ਦੇ ਸਮੀਖਿਆ ਕਰਨ ਲਈ ਛੱਡ ਦਿੱਤੀ ਹੈ, ਤਾਂ ਜੋ ਉਹ ਰਚਨਾ ਦਾ ਵਧੇਰੇ ਅਨੰਦ ਮਾਣ ਸਕਣ।

ਪਰਮਜੀਤ ਰਾਮਗੜ੍ਹੀਆ ਭਾਵੇਂ ਪੰਜਾਬੀ ਸਾਹਿਤ ਦੇ ਪਿੜ ਵਿਚ ਆਪਣੀ ਪਲੇਠੀ ਪੁਸਤਕ 'ਮਘਦੇ ਹਰਫ਼' ਨਾਲ ਪ੍ਰਵੇਸ਼ ਕਰ ਰਿਹਾ ਹੈ, ਪਰ ਉਸ ਦੀ ਕਾਵਿ ਰਚਨਾ ਨੂੰ ਪੜ੍ਹਨ ਅਤੇ ਵਿਚਾਰਨ ਪਿੱਛੋਂ ਮੇਰਾ ਵਿਸ਼ਵਾਸ਼ ਹੈ ਕਿ ਉਸ ਦੇ ਜੀਵਨ ਅਨੁਭਵ ਵਿਚ ਜੋ ਜੋ, ਜਿਵੇਂ ਜਿਵੇਂ ਖੁਸ਼ੀਆਂ, ਤਲਖ਼ੀਆਂ ਤੇ ਤੁਰਸ਼ੀਆਂ ਆਉਂਦੀਆਂ ਗਈਆਂ, ਉਨ੍ਹਾਂ ਦਾ ਨਾ ਕੇਵਲ ਸੁੰਦਰ ਸਰਲ ਸ਼ਬਦਾਂ ਰਾਹੀਂ ਅਤਿ ਸਹਿਜ ਅਤੇ ਸੁਹਜਤਾ ਨਾਲ ਤਰਜਮਾਨੀ ਕਰਦਾ ਗਿਆ, ਸਗੋਂ ਕਾਵਿ ਕਿਰਤ ਦੀ ਕਲਾ ਵਿਚ ਸੰਖੇਪ ਸ਼ੈਲੀ ਨੂੰ ਵੀ ਅਪਣਾਇਆ, ਜੋ ਉਸ ਦੀ ਆਤਮਾ ਦਾ ਪ੍ਰਤੀਕ ਬਣੀ ਦੇਖੀ ਜਾ ਸਕਦੀ ਹੈ। ਉਹ ਆਪਣੇ ਸਮਾਜਿਕ ਵਿਅਕਤੀਤਵ ਨਾਲ ਇੱਕ ਚੰਗੇ ਸਮਾਜ ਦੀ ਉਸਾਰੀ ਲਈ ਵੀ ਯਤਨਸ਼ੀਲ ਹੈ।

ਮੈਂ ਪਰਮਜੀਤ ਰਾਮਗੜ੍ਹੀਆ ਦੀ ਕਾਵਿ ਫੁਲਵਾੜੀ ਦੇ ਫੁੱਲਾਂ ਦੀ ਸੁਗੰਧੀ ਮਾਣੀ ਹੈ, ਤੁਸੀਂ ਵੀ ਇਸ ਪੁਸਤਕ ਰੂਪੀ ਬਾਗ਼ ਦੀ ਸੈਰ ਕਰਦੇ ਹੋਏ ਆਪਣੇ ਮਨ ਨੂੰ ਤ੍ਰਿਪਤ ਕਰੋ। ਪੰਜਾਬੀ ਮਾਂ ਦੀ ਝੋਲੀ ਵਿਚ ਇਹ ਪੁਸਤਕ ਪਾਉਣ ਤੇ ਉਹ ਵਧਾਈ ਦਾ ਪਾਤਰ ਹੈ। ਆਓ, 'ਮਘਦੇ ਹਰਫ਼' ਦਾ ਨਿੱਘਾ ਤੇ ਭਰਵਾਂ ਸਵਾਗਤ ਕਰੀਏ।

-ਸੁਰਜੀਤ ਸਿੰਘ ਭੁੱਲਰ (ਯੂ.ਐਸ.ਏ)

Phone: 001-602-715-2828 (USA) M.A. (Eng: Pbi)
surjitbhullar@hotmail.com,
Ex-MD, Milkfed. Pb. Verka Milk Plants)

ਸ਼ਿਲਪਕਲਾ ਤੋਂ ਕਲਮ ਤੱਕ ਦਾ ਸਫ਼ਰ

ਮੇਰੇ ਰੱਬ ਸਮਾਨ ਪਾਠਕੋ ਤੁਹਾਡੇ ਹੱਥਾਂ ਦਾ ਸ਼ਿੰਗਾਰ ਬਣੀ ਨਾਚੀਜ਼ ਦੀ ਇਹ ਪਲੇਠੀ ਮੌਲਿਕ ਰਚਨਾਵਾਂ ਦੀ ਪਲੇਠੀ ਕਿਰਤ ਹੈ। ਕਦੇ ਸੋਚਿਆ ਵੀ ਨਹੀਂ ਸੀ ਕਿ ਇੰਨ੍ਹਾਂ ਕਿਰਤ ਵਾਲੇ ਹੱਥਾਂ ਦਾ ਸ਼ਿੰਗਾਰ ਕਦੇ ਕਲਮ ਵੀ ਬਣੇਗੀ। ਸੁਭਾਗ ਨਾਲ ਇਹ ਜੋ ਸਬੱਬ ਬਣਿਆ ਆਪ ਸਭਨਾਂ ਦੇ ਸਾਰਥਿਕ ਹੁੰਗਾਰੇ ਤੇ ਹੱਲਾ-ਸ਼ੇਰੀ ਦੇ ਨਾਲ ਹੀ ਸੰਭਵ ਹੋ ਸਕਿਆ ਹੈ । ਕਿਸੇ ਵੀ ਚੀਜ਼ ਦੀ ਸਿਰਜ਼ਣਾ ਕਰਨਾ ਤੇ ਉਸਦੀ ਰਚਨਾ ਕਰਨਾ ਕਲਾ ਹੈ ਤੇ ਕੋਸ਼ਿਸ਼ ਕਰਨਾ ਕਲਾ ਦਾ ਸੁਭਾਅ। ਕਲਾ ਇਕੱਲੀ ਕਲਮ, ਬੁਰਸ, ਲਕੀਰਾਂ ਜਾਂ ਰੰਗਾਂ ਦੀ ਹੀ ਨਹੀਂ ਹੁੰਦੀ ਸਗੋਂ ਸਮੁੱਚਾ ਜੀਵਨ ਹੀ ਕਲਾ ਹੈ। ਸੋ ਗੱਲ ਕਰਦੇ ਹਾਂ ਨਾਚੀਜ਼ ਦੇ ਹਸਤਕਲਾ (ਕਰਾਫਟ) ਤੋਂ ਬੁਰਸ਼ ਕਲਾ (ਆਰਟ) ਅਤੇ ਇਸ ਤੋਂ ਅੱਗੇ ਕਲਮ ਦੀ ਕਲਾ ਤੱਕ ਦੇ ਸਫ਼ਰ ਦੀ।

ਜੇਕਰ ਇਹ ਕਹਿ ਲਿਆ ਜਾਵੇ ਕਿ ਉਪਰੋਤਕ ਸੰਪੂਰਨ ਕਲਾਵਾਂ ਮੈਨੂੰ ਵਿਰਸੇ 'ਚ ਮਿਲਿਆਂ ਸੋਗਾਤਾਂ ਨੇ ਕਈ ਅਤਿ ਕਥਨੀਂ ਨਹੀਂ ਹੋਵੇਗੀ। ਬਚਪਨ ਦੇ ਵਿੱਚ ਆਪਣੇ ਪਿਤਾ ਜੀ ਤੋਂ ਵੁੱਡਨ ਕਰਾਫਟ (ਲੱਕੜੀ ਦੇ ਕੰਮ) ਦੇ ਡਿਜ਼ਾਇਨਾਂ ਨੂੰ ਗਹੁ ਨਾਲ ਵਾਚਿਆ ਅਤੇ ਬਾਰੀਕੀ ਵਿੱਚ ਇਸਦੇ ਨੁੱਕਤਿਆਂ ਤੋਂ ਜਾਣੂ ਹੋ ਹੱਥੀਂ ਕਿਰਤ ਕਰਨ ਦੀ ਜਾਂਚ ਦਾ ਗੁਣ ਸਿੱਖਿਆ ਤੇ ਅਪਣਾਇਆ। ਮੇਰੀ ਮਾਂ ਦੇ ਮਿੱਟੀ ਨਾਲ ਲਿਬੜੇ ਹੱਥਾਂ ਨਾਲ ਕੰਧੌਲੀ ਅਤੇ ਕੰਧਾਂ ਤੇ ਉੱਕਰੇ ਚਿੜੀਆਂ ਮੋਰਾਂ ਦੇ ਚਿਤਰਾਂ ਨੂੰ ਵੇਖ ਮੇਰੇ ਮਨ ਨੂੰ ਚਿੱਤਰਕਾਰੀ ਦੀ ਅਜਿਹੀ ਚਿਣਗ ਪੈਦਾ ਹੋਈ ਜਿਸਨੇ ਮੇਰੇ ਹੱਥਾਂ ਵਿੱਚ ਬੁਰਸ਼ ਫੜਾ ਦਿੱਤਾ। ਮਾਣਯੋਗ ਮਾਮਾ ਜੀ ਤੋਂ ਲਿਖਣ ਦੀ ਚੇਟਕ ਲੱਗੀ ਜੋ ਕਿ ਆਪਣੇ ਸਮੇਂ ਦੇ ਪ੍ਰਸਿੱਧ ਗੀਤਕਾਰ ਰਹੇ ਹਨ।ਇਸ ਤੋਂ ਇਲਾਵਾ ਮੇਰੀਆਂ ਇੰਨ੍ਹਾਂ ਬਹੁਕਲਾਵਾਂ ਦੇ ਸ਼ੌਂਕ ਵਿੱਚ "ਰੇਡੀਓ" ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ ਜਿਸਦੇ ਸਾਥ ਨੇ ਮੇਰੀ ਲੇਖਣੀ 'ਚ ਹੋਰ ਪ੍ਰਪੱਕਤਾ ਲਿਆਂਦੀ। ਰੇਡੀਓ ਦਾ ਐਨਾ ਜਨੂਨ ਸੀ ਜਿਸ ਨਾਲ ਨਾਚੀਜ਼ 1988 ਤੋਂ ਲਗਾਤਾਰ ਇਸਦਾ ਨਿਯਮਤ ਸ਼ਰੋਤਾ ਵੀ ਬਣ ਗਿਆ ਸੀ। ਆਲ ਇੰਡੀਆ ਰੇਡੀਓ ਤੋਂ ਨਸ਼ਰ ਹੁੰਦੇ ਤਮਾਮ ਪ੍ਰੋਗਰਾਮਾਂ ਦਾ ਨਿਤਨੇਮੀ ਬਣ ਚੁੱਕਾ ਸੀ। ਜਿੰਨ੍ਹਾਂ ਵਿੱਚੋ ਆਕਾਸ਼ਬਾਣੀ ਜਲੰਧਰ ਤੋਂ ਨਸ਼ਰ ਹੁੰਦੇ ਬਹੁਚਰਚਿਤ ਸਿਲਸਿਲੇ 'ਰਾਬਤਾ' , 'ਗੁਲਦਸਤਾ' , 'ਕੁਝ ਸੁਣੀਏ ਕੁਝ ਕਹੀਏ' ਮੇਰੇ ਪਸੰਦੀਦਾ ਪ੍ਰੋਗਰਾਮ ਸਨ। ਇਸ ਤੋਂ ਬਾਅਦ ਰੇਡੀਓ ਸਟੇਸ਼ਨ ਬਠਿੰਡਾ ਦੇ ਸਾਹਿਤਕ ਪ੍ਰੋਗਰਾਮ 'ਹੀਰੇ-ਪੰਨੇ' ਵਿੱਚ ਵੀ ਮੇਰੀਆਂ ਲਿਖੀਆਂ ਰਚਨਾਵਾਂ ਅਤੇ ਪਿੰਨਸਿਲ ਸਕੈੱਚ ਅਕਸਰ ਹੀ ਇੰਨ੍ਹਾਂ ਪ੍ਰੋਗਰਾਮਾਂ ਦਾ ਸ਼ਿੰਗਾਰ ਬਣਦੇ ਰਹਿੰਦੇ। ਰੇਡੀਓ ਸਟੇਸ਼ਨ ਬਠਿੰਡਾ ਅਤੇ ਜਲੰਧਰ ਤੋਂ ਕਵੀ ਦਰਬਾਰ ਵਿੱਚ ਵੀ ਭਾਗ ਲਿਆ। ਉਸ ਤੋਂ ਬਾਅਦ ਮੇਰੇ ਪਰਮ ਮਿੱਤਰ ਜਨਾਬ ਨਿੰਦਰ ਘੁਗਿਆਣਵੀਂ ਦੇ ਸਹਿਯੋਗ ਨਾਲ ਦੂਰਦਰਸ਼ਨ ਕੇਂਦਰ ਜਲੰਧਰ ਤੋਂ ਨੌਜਵਾਨਾਂ ਲਈ ਪ੍ਰਸਾਰਿਤ

ਹੁੰਦੇ ਇੱਕ ਖਾਸ ਪ੍ਰੋਗਰਾਮ 'ਨਵਰੰਗ' ਵਿੱਚ ਕਵੀ ਦਰਬਾਰ ਵਿੱਚ ਵੀ ਸ਼ਿਰਕਤ ਕੀਤੀ।

ਇੱਥੇ ਹੀ ਬਸ ਨਹੀਂ ਨਾਭਾ ਵਿਖੇ ਪੜ੍ਹਦੇ ਸਮੇਂ ਮੇਰੀ ਪਹਿਲੀ ਰਚਨਾ ਇੱਥੋਂ ਦੇ ਸਥਾਨਕ ਪੇਪਰ 'ਲੋਕ ਹਿਤੂ' ਅਤੇ ਦੂਜੀ ਮੈਗਜ਼ੀਨ ਮਹਿਰਮ ਦਾ ਸਿੰਗਾਰ ਬਣੀ। ਬਸ ਓਸ ਤੋਂ ਬਾਅਦ ਚਲ ਸੋ ਚਲ ਪੰਜਾਬ ਦੇ ਲਗਭਗ ਸਾਰੇ ਨਾਮਵਰ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿੱਚ ਨਾਚੀਜ਼ ਦੀਆਂ ਮਿੰਨੀ ਕਹਾਣੀਆਂ ਨੂੰ ਛਪਣ ਦਾ ਯੋਗ ਮਾਣ ਪ੍ਰਾਪਤ ਹੋਇਆ। ਲਹਿੰਦੇ ਪੰਜਾਬ (ਪਾਕਸਿਤਾਨ) ਦੇ ਮੈਗਜ਼ੀਨ "ਪੰਖੇਰੂ" ਵਿੱਚ ਵੀ ਨਾਚੀਜ਼ ਦੀਆਂ ਰਚਨਾਵਾਂ ਛਪੀਆਂ। ਨਾਚੀਜ਼ ਦੀ ਮਿੰਨੀ ਕਹਾਣੀ 'ਸ਼ਿਕਾਰ' ਨੂੰ ਦੂਜਾ ਅੰਤਰ-ਰਾਸ਼ਟਰੀ ਸਾਹਿਤਕ ਅਵਾਰਡ ਵੀ ਮਿਲ ਚੁੱਕਾ। ਮਿੰਨੀ ਕਹਾਣੀ ਤੋਂ ਬਾਅਦ ਗੀਤ, ਗ਼ਜ਼ਲ, ਅਤੇ ਕਵਿਤਾ ਵੱਲ ਝੁਕਾਅ ਹੋ ਗਿਆ। ਜਿਸ ਦੇ ਚਲਦਿਆਂ ਸਾਹਿਤ ਪ੍ਰੇਮੀ ਅਤੇ ਸਾਹਿਤਕਾਰ ਦੋਸਤਾਂ ਨਾਲ ਮਿਲਕੇ ਕਸਬੇ ਗੋਨਿਆਣਾ ਮੰਡੀ ਵਿਖੇ ਸਾਹਿਤ ਸਭਾ ਦਾ ਗਠਨ ਵੀ ਕੀਤਾ।

ਗੋਨਿਆਣਾ ਮੰਡੀ ਤੋਂ ਬਾਅਦ ਇਤਿਹਾਸਿਕ ਸ਼ਹਿਰ ਬਠਿੰਡਾ ਵਿਖੇ ਰਿਹਾਇਸ਼ ਤਬਦੀਲ ਕਰ ਲਈ । ਇੱਥੇ ਆ ਕੇ ਕੁਝ ਸਮਾਂ ਸਾਹਿਤ ਸਭਾ ਦਾ ਮੈਂਬਰ ਬਣਿਆ ਅਤੇ ਜ਼ਿਲੇ ਦੇ ਨਾਮਵਰ ਲੇਖਕਾਂ, ਬੁੱਧੀਜੀਵੀਆਂ ਦੇ ਨਾਲ ਮੇਲ ਹੋਇਆ। ਇੱਥੇ ਹੀ ਮੇਰੇ ਪਹਿਲਾ ਸਾਝੇਂ ਮਿੰਨੀ ਕਹਾਣੀ ਸੰਗ੍ਰਹਿ 'ਖੁਰਦੀਆਂ ਕੰਧਾਂ, 'ਇੱਕੋ ਰਾਹ ਦੇ ਪਾਂਧੀ', 'ਕਿਰਨਾਂ', '20ਵੀਂ ਸਦੀ ਦੀਆਂ ਪ੍ਰਤੀਨਿੱਧ ਮਿੰਨੀ ਕਹਾਣੀਆਂ' ਤੇ 'ਕਿਣਮਿਣ' 'ਕਿਰਦੀ ਜਵਾਨੀ' 'ਸ਼ਬਦ ਸੰਵਾਦ' ਲੜੀਏਂ ਪਰੋਏ ਮੋਤੀ' ਸਾਹਿਤ ਦੀ ਝੋਲੀ ਪਾਉਣ ਦਾ ਸੁਭਾਗ ਪ੍ਰਾਪਤ ਹੋਇਆ ਉੱਤੇ ਕੁਝ ਕਿਤਾਬਾਂ ਦੇ ਸਰਵਰਕ ਅਤੇ ਮੁੱਖ ਬੰਧ ਵੀ ਤਿਆਰ ਕੀਤੇ ਗਏ। ਇੰਟਰਨੈੱਟ/ਸ਼ੋਸ਼ਲ ਮੀਡੀਆ ਦੇ ਚਰਚਿਤ ਸਿਲਸਿਲੇ ਫੇਸਬੁੱਕ ਤੇ ਚਲਦੇ ਇੱਕ ਨਿਰੋਲ ਸਾਹਿਤਕ ਗਰੁੱਪ 'ਵੈਦ ਜਗਦੀਸ਼ ਸਰਮਾਂ ਯਾਦਗਾਰੀ ਮੰਚ' ਦੀ ਪਹਿਲੀ ਪ੍ਰਕਾਸ਼ਨਾਂ ਕਿਤਾਬ 'ਕਿਰਨਾਂ ਦਾ ਕਬੀਲਾ' ਪ੍ਰਸਿੱਧ ਗ਼ਜ਼ਲਗੋ ਜਨਾਬ ਦੀਪ ਜ਼ੀਰਵੀ ਅਤੇ ਅੰਜੂ ਵੀ ਰੱਤੀ ਦੇ ਨਾਲ ਉਸ ਕਿਤਾਬ ਦੀ ਸਾਂਝੀ ਸੰਪਾਦਨਾਂ ਵੀ ਕੀਤੀ ।

ਇਸਤੋਂ ਇਲਾਵਾ ਨਾਚੀਜ਼ ਵਲੋਂ ਜਮਾਤ ਛੇਵੀਂ ਤੋਂ ਲੈ ਕੇ ਦਸਵੀਂ ਤੱਕ ਦਾ 'ਡਰਾਇੰਗ ਤੇ ਚਿਤਰਕਲਾ' ਵਿਸ਼ੇ ਦੇ ਨਵੇਂ ਪਾਠਕ੍ਰਮ ਅਨੁਸਾਰ ਸਿਲੇਬਸ ਤਿਆਰ ਕੀਤਾ ਜੋ ਪਹਿਲਾਂ ਕਦੀ ਵੀ ਇਜ਼ਾਦ ਨਹੀਂ ਸੀ ਹੋ ਸਕਿਆ ਜੋ ਕਿ ਆਪਣੇ ਆਪ 'ਚ ਹੀ ਇੱਕ ਰਿਕਾਰਡ ਵੀ ਹੈ। ਪੰਜਾਬ ਦੇ ਮਾਣਯੋਗ ਡੀ.ਜੀ.ਐੱਸ.ਈ ਪੰਜਾਬ ਵਲੋਂ ਇਸਨੂੰ ਮਾਣਤਾ ਦਿੰਦਿਆਂ ਇਸਨੂੰ ਪੂਰੇ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਲਾਗੂ ਕਰਨ ਦਾ ਹੁਕਮ ਕੀਤਾ ਗਿਆ ਜੋ ਕਿ ਮੇਰੇ ਲਈ ਬਹੁਤ ਮਾਣ ਵਾਲੀ ਗੱਲ ਸੀ ਇੱਥੇ ਇਹ ਵੀ ਵਰਣਨਯੋਗ ਹੈ ਕਿ ਡਰਾਇੰਗ ਵਿਸ਼ੇ ਦਾ ਸਿਲੇਬਸ ਅੱਜ ਤੱਕ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੀ ਬਣਿਆ ਤੇ ਲਾਗੂ ਹੋਇਆ ਸੀ।

ਪੰਜਾਬ ਸਰਕਾਰ ਵਲੋਂ ਸਾਲ 2014 ਵਿੱਚ ਮਾਣਯੋਗ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਜੀ ਵੱਲੋਂ ਅਧਿਆਪਕ ਦਿਵਸ ਦੇ ਮੌਕੇ ਨਾਚੀਜ਼ ਦੀਆਂ ਅਧਿਆਪਨ ਖੇਤਰ ਵਿੱਚ ਸਿੱਖਿਆ, ਸਾਹਿਤ, ਤੇ ਸਮਾਜਿਕ ਗਤੀਵਿਧੀਆਂ ਨੂੰ ਵਾਚਦਿਆਂ ਨਾਚੀਜ਼ ਨੂੰ 'ਰਾਜ ਪੁਰਸਕਾਰ' ਦੇ ਨਾਲ ਨਿਵਾਜਿਆ ਜੋ ਕਿ ਮੇਰੇ ਲਈ ਅਹਿਮ ਤੇ ਵੱਡੀ ਪ੍ਰਪਤੀ ਹੈ।

ਭਵਿੱਖ ਵਿੱਚ ਜਲਦ ਹੀ ਨਾਚੀਜ਼ ਵਲੋਂ ਮੇਰੇ ਸੁਹਿਰਦ ਪਾਠਕਾਂ ਦੀ ਨਜ਼ਰ ਇੱਕ ਹੋਰ ਪੁਸਤਕ ਲੈ ਕੇ ਹਾਜ਼ਰ ਹੋ ਰਿਹਾ ਹਾਂ ਜੋ ਆਪਣੇ ਆਪ 'ਚ ਨਿਵੇਕਲੇ ਅੰਦਾਜ਼ ਤੇ ਦਿੱਖ ਵਾਲੀ ਹੋਵੇਗੀ । ਜਿਸਦਾ ਖਰੜਾ ਪ੍ਰੈਸ ਵਿੱਚ ਛਪਣ ਹਿੱਤ ਭੇਜ ਚੁੱਕਾ ਹਾਂ। ਉਮੀਦ ਹੈ ਆਪ ਸਭਨੂੰ ਪਸੰਦ ਆਵੇਗੀ।

ਦਾਸ :

ਪਰਮਜੀਤ 'ਰਾਮਗੜ੍ਹੀਆ'

ਮਾਂ-ਬੋਲੀ-ਪੰਜਾਬੀ

ਮੈਨੂੰ
ਮਾਣ ਹੈ
ਮੇਰੀ
ਮਾਂ 'ਤੇ,
ਮੇਰੀ
ਬੋਲੀ ਤੇ,
ਮੇਰੇ ਪੰਜਾਬੀ ਹੋਣ 'ਤੇ
ਅਤੇ ਇੰਨ੍ਹਾਂ
ਤਿੰਨਾਂ ਦੀ
ਸੇਵਾ ਕਰਨ 'ਤੇ।
---o---

ਕਵਿਤਾ

ਨਾ ਗੁਰਦੁਆਰੇ ਦੀ ਗੱਲ ਕਰੋ।
ਨਾ ਹੀ ਮੰਦਰ ਦੀ ਗੱਲ ਕਰੋ।
ਇਨਸਾਨਾਂ ਅੰਦਰ ਬਲ ਰਹੇ,
ਓਸ ਅੰਦਰ ਦੀ ਹੀ ਗੱਲ ਕਰੋ।

ਜੇ ਮਸਜਿਦ ਵਿੱਚ ਵੀ ਰੱਬ ਹੈ।
ਤੇ ਗਿਰਜ਼ੇ ਵਿੱਚ ਵੀ ਰੱਬ ਹੈ।
ਕਿਉਂ ਭਟਕੇ ਭੋਲਿਆ ਬੰਦਿਆ ?
ਤੇਰੇ ਹਿਰਦੇ ਵਿੱਚ ਵੀ ਸਭ ਹੈ।

ਉਮਰ ਤੇਰੀ ਲੰਘ ਜਾਣੀ ਫਿਰ।
ਲੱਭਣਾਂ ਨਹੀਂ ਕੋਈ ਹਾਣੀ ਫਿਰ।
ਡੁੱਲ੍ਹੇ ਬੇਰਾਂ ਦਾ ਕੁੱਝ ਨਹੀਂ ਬਣਨਾ,
ਉੱਲਝ ਗਈ ਜਦ ਤਾਣੀ ਫਿਰ।

ਤੇਰੀ ਬੁੱਢੜੀ ਰੁੱਲਦੀ ਮਾਂ ਏ।
ਜਿਸਦੀ ਸਭ ਤੋਂ ਉੱਚੀ ਥਾਂ ਏ।
ਜਨਣੀ ਜੱਗ ਸਾਰੇ ਦੀ ਅਖਵਾਏ,
ਜਿਸਦੀ ਰੱਬ ਤੋਂ ਉੱਚੀ ਥਾਂ ਏ।

ਜ਼ਿੰਦਗੀ ਦਾ ਪੰਧ ਮੁੱਕ ਜਾਣਾ ਏ।
ਸਮੇਂ ਦਾ ਸੰਗ ਵੀ ਰੁੱਕ ਜਾਣਾ ਏ।
ਕਬਰਾਂ ਦੇ ਵਿੱਚ ਮਾਂ ਨੀ ਲੱਭਣੀ,
ਜਦ ਮੌਤ ਦਾ ਪਲੜਾ ਝੁੱਕ ਜਾਣਾ ਏ।

---o---

ਤ੍ਰਾਸਦੀ

ਅੱਜ ਵਾਂਗ
ਕਿੰਨੀਆਂ ਹੀ
ਅਭਾਗਣ ਭੈਣਾਂ ਨੇ
ਪਿਛਲੇ ਵਰ੍ਹੇ
ਆਪਣੀ ਮਾਂ ਦੇ ਜਾਏ
ਆਪਣੇ ਵੀਰ ਦੇ ਗੁੱਟ 'ਤੇ
ਰੱਖੜੀ ਬੰਨ੍ਹ
ਏਸ ਪਾਕ ਤੇ ਪਵਿੱਤਰ
ਰਿਸ਼ਤੇ ਦੀਆਂ ਗੰਢਾਂ ਨੂੰ
ਹੋਰ ਮਜ਼ਬੂਤ ਕਰਦਿਆਂ
ਅਨੇਕਾਂ ਹੀ ਅਸੀਸਾਂ
ਤੇ ਅਸੀਮ ਮੋਹ
ਆਪਣੇ ਵੀਰ ਦੀ ਝੋਲ੍ਹੀ
ਪਾਇਆ ਸੀ...

ਪਰ ਅਫ਼ਸੋਸ!
ਅੱਜ ਉਹ ਰੱਖੜੀ ਵਾਲੇ
ਗੁੱਟ ਤਾਂ ਮੌਜੂਦ ਨੇ
ਪਰ ਉਹ ਭੈਣਾਂ ਨਹੀਂ!
ਕੁੱਝ ਦਾਜ ਦੀ ਬਲੀ
ਕੁੱਝ ਬਲਾਤਕਾਰ ਦਾ ਸ਼ਿਕਾਰ
ਕੁੱਝ ਤੇਜ਼ਾਬੀ ਹਮਲੇ ਦੀ ਭੇਂਟ
ਤੇ ਕੁੱਝ ਬੱਸਾਂ ਦੇ ਵਿੱਚ
ਬੇਮੌਤ ਮਾਰੀਆਂ ਗਈਆਂ
ਤੇ ਵੀਰ ਆਪਣੀ
ਨਿੱਕੜੀ ਦੀ ਰੱਖਿਆ ਦੇ
ਓਸ ਵਾਅਦੇ 'ਤੇ
ਪੂਰਾ ਨਾ ਉੱਤਰ ਸਕਿਆ

ਅੱਜ ਫੇਰ
ਰੱਖ਼ੜੀ ਦਾ ਪਵਿੱਤਰ
ਤਿਓਹਾਰ ਹੈ
ਅੱਜ ਫੇਰ ਸਾਰੇ ਵੀਰ
ਇੰਨ੍ਹਾਂ ਕੂੰਜਾਂ ਦੇ
ਸਿਰ 'ਤੇ ਹੱਥ ਰੱਖ
ਉਨ੍ਹਾਂ ਦੀ ਰੱਖਿਆ ਦਾ
ਪ੍ਰਣ ਲੈਣਗੇ
---o---

ਜ਼ਮਾਨਾ ਕੈਸਾ ਹੈ

ਇਹ ਕੇਹੀ ਦੁਨੀਆਂਦਾਰੀ,
ਠੱਗੀ, ਚੋਰੀ, ਦੁਰਰਾਚਾਰੀ,
ਚਾਰ ਚੁਫੇਰੇ ਝਾਤੀ ਮਾਰੋ,
ਹਰ ਪਾਸੇ ਲਾਚਾਰੀ
ਜ਼ਮਾਨਾ ਕੈਸਾ ਹੈ!

ਬਣਿਆ ਹਰ ਕੋਈ ਅੱਜ ਨਵਾਬ ,
ਚੇਹਰੇ ਉੱਪਰ ਪਾ ਨਕਾਬ
ਪੈਸਾ ਪੈਸਾ ਪੈਸਾ
ਸਭ ਪੈਸੇ ਦੇ ਵਿਉਪਾਰੀ।
ਜ਼ਮਾਨਾ ਕੈਸਾ ਹੈ!

ਧੀ ਭੈਣ ਦੀ ਸ਼ਰਮ ਨਾ ਕਾਈ ,
ਦੁਸਮਣ ਬਣੇ ਅੱਜ ਭਾਈ ਭਾਈ,
ਪੈਰਾਂ ਦੇ ਵਿੱਚ ਇੱਜ਼ਤ ਰੋਲੀ,
ਲੁੱਟੀ ਦੌਲਤ ਪਿਉ ਦੀ ਸਾਰੀ ।
ਜ਼ਮਾਨਾ ਕੈਸਾ ਹੈ!

ਡੁੱਗ ਡੁੱਗੀ ਅੱਜ ਦੇਸ਼ ਦੀ ਵੱਜੇ,
ਚੜ੍ਹ ਸਟੇਜਾਂ ਹਰ ਕੋਈ ਗੱਜੇ,
ਭਵਿੱਖ ਦੇਸ਼ ਦਾ ਨੇਤਾ ਜਿਹੜੇ,
ਬਣਗੇ ਅੱਜ ਮਦਾਰੀ।
ਜ਼ਮਾਨਾ ਕੈਸਾ ਹੈ!

ਜਿਸਮ ਆਪਣੇ ਤੋਂ ਪਰਦਾ ਲਾਹਿਆ,
ਕਿਹੋ ਜਿਹਾ ਧੰਦਾ ਅਪਣਾਇਆ,
ਤਾਜ ਪਹਿਣ ਕੇ ਬਣੀ ਸੁੰਦਰੀ,
ਅੱਜ ਵੀ ਇਹ ਨਾਰੀ।
ਜ਼ਮਾਨਾ ਕੈਸਾ ਹੈ!

ਬੇ ਸੁਰਾ ਸਟੇਜ ਤੇ ਗਾ ਕੇ,
ਕੰਨਾਂ ਦੇ ਮੁੰਦਰਾਂ ਪਾ ਕੇ ,
ਤਖ਼ਤੀ ਉੱਪਰ 'ਗਾਇਕ' ਲਿਖਾ ਕੇ ,
ਲਟਕਾਈ ਵਿੱਚ ਬਜ਼ਾਰੀ।
ਜ਼ਮਾਨਾ ਕੈਸਾ ਹੈ !

ਰੋਜ਼ੀ ਲਈ ਬੱਚੇ ਕਰਦੇ ਕਾਰ,
ਛੱਡ ਪੜ੍ਹਾਈ ਅੱਧ ਵਿਚਕਾਰ,
ਛੋਟੀ ਉਮਰੇ ਪੈ ਜਾਂਦਾ ਏ,
ਬੋਝ ਉਨ੍ਹਾਂ 'ਤੇ ਭਾਰੀ।
ਜ਼ਮਾਨਾ ਕੈਸਾ ਹੈ ।

'ਰਾਮਗੜ੍ਹੀਏ' ਨੇ ਕਹਿੰਦੇ ਰਹਿਣਾ,
ਜਦ ਤਕ ਏਸ ਜਗ ਤੇ ਰਹਿਣਾ,
ਡੁੱਲ੍ਹੇ ਬੇਰਾਂ ਦਾ ਕੁਝ ਨੀ ਹੋਇਆ,
ਸੰਭਲੋ ਕਰੋ ਤਿਆਰੀ।
ਜ਼ਮਾਨਾ ਕੈਸਾ ਹੈ!
---o---

ਤੇ ਜਦੋਂ ਚੁੱਪ ਤਿੜਕੀ

ਮੈਂ
ਗੂੰਗਾ
ਨਹੀਂ
ਜੋ ਬੋਲ ਨੀਂ ਸਕਦਾ !

ਮੈਂ
ਬੌਲ਼ਾ
ਨਹੀਂ
ਜੋ ਸੁਣ ਨੀਂ ਸਕਦਾ !

ਮੈਂ
ਅੰਨ੍ਹਾ
ਨਹੀਂ
ਜੋ ਦੇਖ ਨੀਂ ਸਕਦਾ !

ਤੇ ਮੈਂ
ਮੂਰਖ-ਝੱਲ੍ਹਾ
ਵੀ ਨਹੀਂ
ਜੋ ਸਮਝ ਨਹੀਂ ਸਕਦਾ !

ਐ ਜ਼ਾਲਿਮ !
ਮੇਰੀ ਚੁੱਪ ਨੂੰ
ਤੂੰ ਏਨਾ ਕਮਜ਼ੋਰ
ਵੀ ਨਾ ਸਮਝ!

ਅਜੇ ਤਾਂ ਮੈਂ
ਆਪਣੇ ਸਬਰ 'ਤੇ
ਸੰਤੋਖ਼ ਨੂੰ
ਹੀ ਪਰਖ਼ ਰਿਹੈਂ !
---o---

ਮਜ਼ਦੂਰ ਦਿਵਸ

ਅੱਜ ਆਪਾਂ
ਆਪਣੇ ਘਰਾਂ ਵਿੱਚ ਬੈਠ ਜਾਂ
ਪਰਿਵਾਰ ਦੇ ਨਾਲ
ਸਾਪਿੰਗ ਮਾਲਾਂ 'ਚ ਘੁੰਮ
ਬਿੱਗ ਬਜ਼ਾਰਾਂ ਵਿੱਚ
ਮੂਵੀ ਦੇਖ ਅਨੰਦ ਲੈ
ਕਿਸ ਲਈ ਛੁੱਟੀ ਮਨਾ ਰਹੇ ਹਾਂ...?

ਓਸ ਲਈ
ਜੋ ਅੱਜ ਦੇ ਦਿਨ ਵੀ
ਸੜਕ ਉੱਤੇ ਕੁੱਟ ਰਹੀ ਹੈ ਰੋੜੀ
ਭੁੱਖ ਤੇ ਗਰਮੀਂ ਦੇ ਨਾਲ
ਜਿਸਦਾ ਸੜਕ ਦੀ ਇੱਕ ਨੁੱਕਰੇ
ਰੋ-ਵਿਲਕ ਰਿਹੈ ਬੱਚਾ.. ਜਿਸਨੂੰ ਮਾਲਕ ਦੇ ਡਰੋਂ
ਚਾਹੁੰਦੀ ਹੋਈ ਵੀ ਦੁੱਧ ਨਾ ਪਿਲਾ ਸਕੀ!!

ਜਾਂ ਫਿਰ
ਮੈਲ਼ੇ ਜਿਹੇ ਖੱਦਰ ਦੇ ਪੌਣੇ 'ਚ
ਆਚਾਰ ਦੇ ਨਾਲ
ਰਾਤ ਦੀਆਂ ਸੁਕੀਆਂ ਰੋਟੀਆਂ
ਸਾਇਕਲ ਦੇ ਨਾਲ ਬੰਨ੍ਹੀ
ਸਵੇਰ ਤੋਂ ਹੀ ਲੇਵਰ ਚੌਂਕ ਵਿੱਚ ਖੜ੍ਹਾ ਓਹ ਮਜ਼ਦੂਰ
ਜਿਸਨੂੰ ਅੱਜ ਵੀ ਬੇਰੰਗ ਪਰਤਣਾ ਪਿਆ!!!

ਸ਼ਾਇਦ
ਉਨ੍ਹਾਂ ਨੰਨ੍ਹੇ ਬੱਚਿਆਂ
ਜੋ ਮਜ਼ਦੂਰ ਦਿਵਸ ਦੀ
ਸਕੂਲ ਚੋਂ ਛੁੱਟੀ ਦੇ ਕਾਰਨ
ਹੋਟਲਾਂ 'ਚ ਮਾਂਜ ਰਹੇ ਨੇ ਭਾਂਡੇ ਤੇ ਕੁਝ
ਮੈਰਿਜ਼ ਪੈਲਸਾਂ 'ਚ ਸ਼ਰਾਬ ਦੇ ਗਿਲਾਸਾਂ ਦੀ ਟਰੇ ਫੜੀ

ਆਪਣੇ ਭਵਿੱਖ ਨੂੰ ਲੈ ਰਹੇ ਨੇ ਘੁੰਮ
ਦੋਸਤੋ ਕੁਝ ਤਾਂ ਸੋਚੋ ਵਿਚਾਰੋ
ਅੱਜ ਆਪਾਂ ਆਪਣੇ ਘਰਾਂ ਵਿੱਚ ਬੈਠ ਜਾਂ
ਪਰਿਵਾਰ ਦੇ ਨਾਲ
ਸਾਪਿੰਗ ਮਾਲਾਂ 'ਚ ਘੁੰਮ
ਬਿੱਗ ਬਜ਼ਾਰਾਂ ਵਿੱਚ
ਮੂਵੀ ਦੇਖ ਅਨੰਦ ਲੈ
ਕਿਸ ਲਈ ਛੁੱਟੀ ਮਨਾ ਰਹੇ ਹਾਂ...?
ਕਿਸ ਲਈ ਆਖਿਰ ਕਿਸ ਲਈ ???
---o---

ਮਘਦੇ ਹਰਫ਼

ਕਾਸ਼!
ਮੈਂ ਵੀ ਇੱਕ
ਲੇਖਕ ਜਾਂ
ਸਾਹਿਤਕਾਰ ਹੁੰਦਾ

ਤੇ ਮੇਰੇ
ਆਪਣੇ ਹਰਫ਼ ਵੀ
ਕਿਸੇ ਕਿਤਾਬ ਦਾ
ਸ਼ਿੰਗਾਰ ਬਣਦੇ

ਤੇ ਨਾਚੀਜ਼ ਵੀ
ਸਾਹਿਤ ਸਭਾਵਾਂ 'ਚ
ਬੈਠ ਰਚਨਾਵਾਂ ਨੂੰ
ਪੜ੍ਹਦਾ ਤੇ ਸੁਣਦਾ

ਐਪਰ
ਮਹਿਫ਼ਲ ਦੀ
ਫ਼ੋਕੀ ਵਾਹ-ਵਾਹ
ਤੋਂ ਡਰ ਜਾਨੈ

ਸ਼ਾਇਦ !
ਇਸੇ ਕਰਕੇ ਹੀ
ਏਸ ਸੁਪਨੇ ਨੂੰ
ਸਾਹਾਂ ਥੱਲੇ ਦਫ਼ਨ ਕੀਤੈ

ਕਦੇ-ਕਦੇ
ਇਹ ਭੀ ਸੋਚਦੈਂ ਕਿ
ਇਹ ਸ਼ਬਦਾਂ ਦਾ ਵਹਾ ਕਿਤੇ
ਜਵਾਲਾ ਹੀ ਨਾ ਬਣਜੇ

ਤੇ ਆਹ!
ਹਰਫ਼ ਭਿੱਜੀ ਹੋਈ
ਰਾਖ ਵਿੱਚ ਵੀ
ਮਘਦੇ ਨਾ ਰਹਿਣ

ਤੇ ਚਹੁੰ ਬੰਦਿਆਂ
ਨੂੰ ਮੇਰੀ
ਦੇਹ ਦੀ ਜਗ੍ਹਾ ਮੁੱਠ ਭਰ
ਫੁੱਲ ਹੀ ਨਸੀਬ ਹੋਣ।
---o---

ਸਮੇਂ ਦਾ ਸੱਚ

ਮਹਿੰਗਾਈ ਅੱਜ ਤੋਂ ਨਹੀਂ!
ਮੁੱਦਤਾਂ ਤੋਂ ਹੀ ਹੈ।
ਭੋਗ ਰਹੇ ਹਾਂ ਸੰਤਾਪ,
ਪਹਿਲਾਂ ਵੀ ਤੇ ਅੱਜ ਵੀ।

ਜ਼ਿੰਦਗੀ ਜਿਉਣ ਲਈ,
ਲੋਕ ਮਿਹਨਤ ਕਰ
ਪਾਲਦੇ ਸਨ ਪੇਟ,
ਪਹਿਲਾਂ ਵੀ ਤੇ ਅੱਜ ਵੀ।

ਕਈ ਘਰ੍ਹਾਂ 'ਚ ਤਾਂ ਚੁੱਲ੍ਹੇ
ਅੱਗ ਨਹੀਂ ਸੀ ਬਲਦੀ
ਸੌਂ ਜਾਂਦੇ ਭੁੱਖਣ ਭਾਣੇ,
ਪਹਿਲਾਂ ਵੀ ਤੇ ਅੱਜ ਵੀ।

ਖ਼ੈਰ! ਚੰਗੇ ਦਿਨ ਆਵਣਗੇ,
ਦੇ ਮਨ ਨੇ ਧਰਵਾਸ!!
ਰੱਖਦੇ ਸੀ ਆਸ,
ਪਹਿਲਾਂ ਵੀ ਅੱਜ ਵੀ।

ਸੁਨਹਿਰੇ ਭਵਿੱਖ ਲਈ,
ਜਾਲਦੇ ਸਾਂ ਜ਼ਫ਼ਰ
ਭੁੱਲ ਜਾਦੇ ਸੀ ਖਾਣਾ ਪੀਣਾ,
ਪਹਿਲਾਂ ਵੀ ਤੇ ਅੱਜ ਵੀ।

ਅੰਤ ਹਾਰ ਜਾਦੈ ਮਨੁੱਖ,
ਜ਼ਿੰਦਗੀ ਦੇ ਪੰਧ ਤੋਂ
ਪ੍ਰੰਤੂ ਮਹਿੰਗਾਈ ਚਲਦੀ ਹੈ
ਆਪਣੀ ਰਫ਼ਤਾਰ,
ਪਹਿਲਾਂ ਵੀ ਤੇ ਅੱਜ ਵੀ।
---o---

ਸਲਾਮ ਭਗਤ ਸਿਆਂ

ਜੀਅ ਕਰਦੈ ਓਸ ਮਾਂ ਦੇ
ਪਵਿੱਤਰ ਚਰਨਾਂ ਦੀ ਧੂੜ ਨੂੰ ਜਾ ਫੱਕਾਂ।
ਜਿਸਨੇ ਦਲੇਰ, ਯੋਧੇ, ਅਣਖੀਂ ਤੇ ਸੂਰਮੇ
ਪੁੱਤ ਨੂੰ ਜਨਮ ਦਿੱਤੈ।
ਹਾਂ ਮੈਂ ਓਸੇ ਮਾਂ
ਵਿੱਦਿਆਵਤੀ ਦੀ ਗੱਲ ਕਰਦੈਂ
ਜਿਸਨੇ ਆਪਣੀ ਕੁੱਖ ਵਿੱਚ ਹੀ
ਆਪਣੇ ਲਾਲ ਨੂੰ ਵਿੱਦਿਆ ਦੀ
ਐਸੀ ਗੁੜ੍ਹਤੀ ਦੇ ਨਾਲ ਨਿਵਾਜਿਆ
ਕਿ ਓਸਦੀ ਰਗ-ਰਗ ਵਿੱਚ
ਕ੍ਰਾਂਤੀ ਦੇ ਖ਼ੂਨ ਦੀ ਚਿਣਗ
ਇੱਕ ਦਿਨ ਭਾਂਬੜ ਬਣ ਗਈ।

ਭਗਤ ਸਿਆਂ!
ਤੈਨੂੰ ਵੇਖਿਆ ਤਾਂ ਨਹੀਂ
ਪਰ, ਪੜ੍ਹਿਆ ਜਰੂਰ ਐ
ਤੇਰੇ ਬਚਪਨ ਬੰਦੂਕਾਂ ਬੀਜਣ ਤੋਂ ਲੈ ਕੇ
ਅਸੈਂਬਲੀ 'ਚ ਬੰਬ ਸੁੱਟਣ,
ਜਲ੍ਹਿਆਂ ਵਾਲੇ ਬਾਗ਼ ਅਤੇ
ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ,
ਅਤੇ 23 ਮਾਰਚ ਉੱਨੀ ਸੌ ਇਕੱਤੀ
ਸ਼ਾਮ ਸੱਤ ਵੱਜ ਕੇ ਤੇਤੀ ਮਿੰਟ
ਦੀ ਓਸ ਘੜੀ ਤੱਕ ਦਾ ਸਫ਼ਰ।
ਤੇਰੇ ਜ਼ਜ਼ਬੇ ਤੇ ਜ਼ਿਗਰੇ ਨੂੰ
ਸਲਾਮ ਭਗਤ ਸਿਆਂ!!
---o---

ਸੰਕਲਪ

ਖ਼ਬਰੈ ! ਕਦ ਪੁੰਘਰਨੈ
ਅਸਲ ਆਜ਼ਾਦੀ ਦਾ
ਉਹ ਬੀਜ਼, ਜੋ ਕਦੀ
ਮੇਰੇ ਵੀਰ ਭਗਤ ਸਿੰਘ
ਰਾਜਗੁਰੂ ਤੇ ਸੁਖਦੇਵ
ਨੇ ਆਪਣਾ ਸਿਦਕ ਦੇ ਕੇ
ਆਪਣੇ ਰਤ ਦੇ
ਨਾਲ ਸਿੰਜ ਕੇ
ਆਪਾਂ ਸਭਨਾਂ ਤੋਂ
ਇੱਕ ਉਮੀਦ ਅਤੇ
ਵਾਅਦੇ ਨਾਲ
ਓਸ ਆਜ਼ਾਦੀ ਨੂੰ
ਸਾਂਭਣ ਦਾ ਸੰਕਲਪ
ਲਿਆ ਸੀ

ਚਲੋ ਠੀਕ ਐ
ਆਪਾਂ ਓਸ ਆਜ਼ਾਦੀ ਦਾ
ਜ਼ਸਨ ਤਾਂ ਮਨਾ ਲਿਆ
ਐਪਰ ਓਹ ਸੰਕਲਪ
ਕਿੱਥੇ ਗਿਆ ?
ਜੇ ਆਪਾਂ ਓਸ
ਵਿਚਾਰਧਾਰਾ ਤੇ
ਵਾਅਦੇ ਤੋਂ ਹੀ
ਮੁਨਕਰ ਹੋਏ ਫਿਰਦੇ ਹਾਂ
ਤਾਂ ਫਿਰ ਆਜ਼ਾਦੀ ਦੀ
ਕੀ ਅਹਿਮੀਅਤ ਹੈ ?
ਜ਼ਰਾ-ਸੋਚੋ ! ਜ਼ਰਾ-ਸੋਚੋ !
---o---

ਸਧਰਾਂ ਦਾ ਅੰਤ

ਕਰੂੰਬਲਾਂ ਤਾਂ
ਨਿੱਕਲ ਹੀ
ਪਈਆਂ ਸੀ
ਮੇਰੀ ਚਿਰਾ
ਦੀ ਆਸ 'ਤੇ....

ਜੇਕਰ ਮੇਰੀਆਂ
ਸਧਰਾਂ ਦਾ
ਅੱਧਵਾਟੇ ਹੀ
ਉੱਗਣ ਤੋਂ ਪਹਿਲਾਂ
ਕਤਲ ਨਾ ਹੁੰਦਾ....

ਬਸ! ਏਨਾ ਕੁ
ਤਾਂ ਸਫ਼ਰ ਸੀ
ਹੱਸ ਵੀ ਨਾ
ਹੋਇਆ ਤੇ ਰੋ
ਵੀ ਨਾ ਹੋਇਆ....

ਮਿੱਟੀ 'ਚੋਂ ਹੀ
ਉੱਗਣਾ ਸੀ
ਤੇ ਅਖੀਰ
ਮਿੱਟੀ 'ਚ ਹੀ
ਮਿਲਣਾ ਸੀ

ਪਰਮ-ਆਤਮਾ
ਦਾ ਜੀਵ
ਭਰ ਸਕਿਆ ਨਾ
ਕਿਸੇ ਲੰਬੀ ਬਾਤ
ਦਾ ਹੁੰਗਾਰਾ।
---o---

ਰਾਹ-ਦਸੇਰੇ

ਸਭ ਤੋਂ ਪਹਿਲੀ ਜੱਗ ਜਨਣੀਂ,
ਅਧਿਆਪਕ ਹੈ ਮੇਰੀ ਮਾਂ।
ਜਿਸਦਾ ਰੱਬ ਤੋਂ ਉੱਚਾ ਜੱਗ ਤੇ,
ਸਦਾ ਮੰਨਦਾ ਹਾਂ ਯਾਰੋ ਨਾ।

ਚੁੱਕ ਮੋਢੇ 'ਤੇ ਖਿਡਾਇਆ ਸਾਨੂੰ,
ਮੇਰੇ ਦੂਜੇ ਅਧਿਆਪਕ ਆਪ ਨੇ।
ਫੜ੍ਹ ਉਂਗਲ ਤੁਰਨਾ ਸਿਖਾਇਆ
ਮੇਰੇ ਕਿਰਤੀ, ਭੋਲੇ-ਭਾਲੇ ਬਾਪ ਨੇ।

ਜੀਵਨ ਦੀ ਹਰ ਸਿੱਖਿਆ ਵੱਲ,
ਮੁੱਢੋਂ ਕਰਾਇਆ ਸਾਡਾ ਧਿਆਨ।
ਮੈਂ ਤੀਜਾ ਅਧਿਆਪਕ ਮੰਨਦਾ ਹਾਂ,
ਜਿੰਨ੍ਹਾਂ ਦਿੱਤਾ ਅੱਖਰ ਗਿਆਨ।

ਮੈਂ ਤੱਕਦਾਂ ਹਾਂ ਨਿੱਕੜੇ ਬਾਲਾਂ ਦੇ,
ਹਿਰਦੇ 'ਚੋਂ ਉਨਾਂ ਦੇ ਚਾਵਾਂ ਨੂੰ,
ਜੋ ਮੇਰਾ ਵੀ ਅੱਜ ਬਣਿਆ ਹੈ,
ਉਨਾਂ ਦਾ, ਰਾਹ-ਦਸੇਰਾ ਰਾਹਾਂ ਨੂੰ।

ਗੁਰੂਆਂ ਦੀ ਅਦੁੱਤੀ ਦੇਣ 'ਤੇ,
ਮੇਰਾ ਸੀਸ ਸਦਾ ਹੀ ਝੁੱਕਦਾ ਹੈ।
ਅੱਜ ਪਰਮ ਵੀ ਚਾਨਣ ਵੰਡ ਰਿਹੈ,
ਜੋ ਪੱਤਾ ਉਸੇ ਹੀ ਰੁੱਖ ਦਾ ਹੈ।
---o---

ਕੁਝ ਸਵਾਲ ਰਾਜਨੀਤੀ ਨੂੰ

ਮੇਰੇ ਦੇਸ਼ ਦਾ
ਸੁੱਖ ਅਤੇ ਚੈਨ
ਘੁਣ ਦੇ ਵਾਂਗ
ਖਾਣ ਵਾਲੀਏ
ਦੇਸ਼-ਧਰੋਹੀਏ
ਕਲਿਹਣੀਏ
ਰਾਜਨੀਤੀਏ
ਦੱਸ ਤੈਨੂੰ ਕੀ ਮਿਲਿਆ ?

ਤੈਨੂੰ ਕੀ ਮਿਲਿਆ !
ਮੇਰੇ ਹੱਸਦੇ-ਵੱਸਦੇ
ਪੰਜਾਬ ਦੀ
ਜਵਾਨੀ ਨੂੰ
ਨਸ਼ਿਆਂ 'ਚ
ਤੇ ਕਿਰਸਾਨੀ
ਨੂੰ ਖ਼ੁਦਕਸ਼ੀਆਂ
ਦੇ ਰਾਹ ਤੋਰ ਕੇ.. ?

ਮੇਰੇ ਸ਼ਹੀਦ ਵੀਰਾਂ
ਦਾ ਦਿੱਤਾ ਹੋਇਆ
ਓਹ ਨਾਅਰਾ
'ਜੈ ਜਵਾਨ-ਜੈ ਕਿਰਸਾਨ
ਤੇਰੀ ਸੌੜੀ ਸੋਚ ਤੇ ਰਾਜਨੀਤੀ ਨੇ
ਦੱਸ ਕਿੱਥੇ ਦਫ਼ਨ
ਕਰ ਦਿੱਤੈ ?

ਖ਼ੂਨ ਪੀਣੀਏ ਜੋਕੇ
ਤੂੰ ਸਾਡੇ
ਸ਼ਬਦ-ਗੁਰੂ ਦਾ
ਘੋਰ ਅਪਮਾਨ ਕਰ
ਕੁੱਲ ਮਨੁੱਖਤਾ ਦਾ
ਕਲੇਜਾ ਵਲੂੰਧਰ ਤਾ
ਤੈਂ ਤਾਂ ਫਿਰ ਵੀ
ਸਬਰ ਨਾ ਕੀਤਾ ?

ਤੇਰੇ ਏਸ ਜ਼ਬਰ ਨੇ
ਸਾਡੇ ਸਬਰ ਨੂੰ ਵੀ
ਪਰਖ਼ ਲਿਐ
ਨਾ ਭੁੱਲ ਕੇ
ਲੋਕਾਂ ਦਾ ਆਪਸੀ ਮੋਹ
ਤੇ ਭਾਈਚਾਰਕ ਸਾਂਝ
ਤੇਰੀ ਰਣਨੀਤੀ ਦੀ
ਅੱਤ ਦਾ ਹੀ ਅੰਤ ਹੈ।
---o---

ਕੱਠ-ਪੁੱਤਲੀ

ਜਾਹ ਵੇ
ਬੇ-ਦਰਦਾ!
ਦਿਲ ਮੇਰੇ ਨੂੰ
ਸਦਾ ਹੀ ਤੈਂ ਤਾਂ
ਕਾਗ਼ਜ਼ ਦੇ ਵਾਕਣ
ਜਾਣਿਆ.....

ਕਦੇ ਕਾਗ਼ਜ਼ ਦੀ
ਗੁੱਡੀ ਦੇ ਬਣਾ
ਅਸਮਾਨ 'ਤੇ ਚਾੜ੍ਹਿਆ
ਤੇ ਕਦੇ ਡੋਰ ਨੂੰ
ਆਪਣੇ ਹੱਥੋਂ ਤੋੜ ਕੇ
ਛੱਡਿਆ.....

ਮੈਨੂੰ ਮੇਰੇ ਹੀ
ਹੰਝੂਆਂ ਦੇ ਹੜ੍ਹਾਂ ਵਿੱਚ
ਕਾਗ਼ਜ਼ ਦੀ ਕਿਸ਼ਤੀ ਬਣਾ ਰੋੜ੍ਹ,
ਤੈਨੂੰ ਅਜੇ ਵੀ
ਰੱਜ ਨਾ ਆਇਆ

ਰੁਪਈਆਂ ਤੇ ਡਾਲਰਾਂ
ਦਾ ਬਹੁਤਾ ਮਾਣ ਨਾ ਕਰ
ਏਨਾ ਕਾਗ਼ਜ਼ ਦੇ ਟੁੱਕੜਿਆਂ

ਨਾਲ ਜਿਸਮ ਤਾਂ ਮਿਲਜੂ
ਐਪਰ ਪਿਆਰ ਨਹੀਂ

ਤੂੰ ਕੀ ਜਾਣੇ ਬੇਦਰਦਾ
ਗੁਲਸਤਾਂ ਦੇ ਫੁੱਲਾਂ
ਦੀ ਮਹਿਕ ਨੂੰ ?
ਕਾਗ਼ਜ਼ੀ ਫੁੱਲਾਂ ਦੇ ਨਾਲ
ਖੇਡਣ ਵਾਲਿਆ

ਯਾਦ ਕਰ ਓਹ ਵੇਲਾ
ਤੈਂ ਜਦ ਵੀ ਨਚਾਇਆ
ਤੇਰੇ ਉਂਗਲਾਂ ਦੇ
ਇਸਾਰਿਆਂ ਦੀ ਮੈਂ ਸਦਾ ਹੀ
ਕੱਠ-ਪੁੱਤਲੀ ਬਣੀ ਹਾਂ।
---o---

ਭੁਚਾਲ

ਇਕੱਲਾ ਇਮਾਰਤਾਂ ਦਾ ਹਿੱਲਣਾ
ਡਿੱਗਣਾ ਜਾਂ ਲੋਕਾ ਦਾ ਮਰ ਜਾਣਾ ਹੀ ਭੁਚਾਲ ਨਹੀਂ ?
ਦੋਸਤੋ ਭੁਚਾਲ ਤਾਂ
ਹਰ ਦਿਨ ਆਉਂਦੈ ਪਲ-ਪਲ ਆਉਂਦੈ
ਜਿਸ ਦਾ ਸੰਤਾਪ ਅੱਜ ਹਰ ਕੋਈ ਹੰਢਾਉਂਦੈ

ਜਦ ਕਿਸੇ
ਔਰਤ ਦੀ ਇੱਜ਼ਤ ਨੂੰ
ਭਰੇ ਬਜ਼ਾਰ ਵਿੱਚ ਹੱਥ ਪਾ,
ਅਸ਼ਲੀਲ ਹਰਕਤਾਂ ਤੇ ਕੁਮੈਂਟ ਕਰ, ਜ਼ਲੀਲ ਕੀਤਾ ਜਾਂਦੈ
ਓਸ ਵੇਲੇ ਦਾ ਦ੍ਰਿਸ਼ ਧਰਤ ਕੰਬਾਂ ਦਿੰਦੈ
ਕੀ ਇਹ ਭੁਚਾਲ ਨੀ ?

ਜਦ ਕਿਸੇ
ਦੀ ਮੁਟਿਆਰ ਧੀ ਭੈਣ ਤੇ
ਤੇਜ਼ਾਬੀ ਹਮਲਾ ਕਰ, ਤੇਜ਼ਾਬ ਸੁਟਿਆ ਜਾਂਦੈ
ਤੇ ਓਸ ਜ਼ਿੰਦ ਨੂੰ ਤੜ੍ਹਪ ਤੜ੍ਹਪ ਕੇ
ਮਰਨ ਦੇ ਲਈ ਮਜ਼ਬੂਰ ਕੀਤਾ ਜਾਂਦੈ
ਕੀ ਇਹ ਭੁਚਾਲ ਨੀ ?

ਜਦ ਕਿਸੇ
ਦੇਸ਼ ਦੇ ਭਵਿੱਖ
ਨੰਨ੍ਹੇ-ਮੁੰਨ੍ਹੇ ਬੱਚਿਆਂ ਪਾਸੋਂ
ਲਿਖਣ ਪੜ੍ਹਨ ਦੀ ਉਮਰੇ ਕੰਮ ਦਾ ਬੋਝ ਪਾਇਆ ਜਾਂਦੈ
ਜ਼ਬਰੀ ਬਾਲ ਮਜ਼ਦੂਰੀ ਕਰਾਈ ਜਾਂਦੀ ਹੈ
ਕੀ ਇਹ ਭੁਚਾਲ ਨੀ ?

ਜਦ ਕਿਸੇ
ਬੇਬੱਸ ਗਰੀਬ ਨੂੰ
ਕੁੱਟ ਕੇ ਤੇ ਲੁੱਟ ਕੇ
ਉਸਦੇ ਹੱਥੋਂ ਟੁੱਕੜਾ ਖੋਹ ਲਿਆ ਜਾਂਦੈ
ਤੇ ਅਪਾਹਜ਼ ਕਰ ਮੰਗਣ ਲਈ ਮਜ਼ਬੂਰ ਕੀਤਾ ਜਾਂਦੈ
ਕੀ ਇਹ ਭੁਚਾਲ ਨੀ ?

ਜਦ ਕਿਸੇ
ਇਨਸਾਨ ਦੀ
ਆਪਣੇ ਹੀ ਦੇਸ਼ ਖਾਤਿਰ ,
ਇਨਸਾਨੀਅਤ ਅਤੇ ਜ਼ਮੀਰ ਮਰ ਮੁੱਕ ਜਾਂਦੀ ਹੈ
ਤੇ ਦੇਸ਼ ਦੀ ਸੰਪਤੀ ਨੂੰ ਖੋਰਾ ਲਗਾਇਆ ਜਾਂਦੈ
ਕੀ ਇਹ ਭੁਚਾਲ ਨੀ ?

ਜਦ ਕਿਸੇ
ਮਾਂ ਦਾ ਨੌਜਵਾਨ ਪੁੱਤ
ਨਸ਼ਿਆਂ ਦੇ ਰਾਹ ਪੈ ਜਾਵੇ
ਬਾਪ ਦੇ ਸਿਰ ਲੋਕਾਂ ਤੋਂ ਲਏ ਕਰਜ਼ੇ ਦਾ
ਪਹਾੜ ਆ ਟੁੱਟਦੈ
ਤੇ ਕਰਜ਼ੇ ਤੋਂ ਤੰਗ ਖੁਦਕੁਸ਼ੀ ਕਰ ਲੈਂਦੈ
ਕੀ ਇਹ ਭੁਚਾਲ ਨੀ ?

ਇਕੱਲਾ
ਇਮਾਰਤਾਂ ਦਾ ਹਿੱਲਣਾ
ਡਿੱਗਣਾ ਜਾਂ ਲੋਕਾ ਦਾ ਮਰ ਜਾਣਾ ਹੀ ਭੁਚਾਲ ਨਹੀਂ ?
ਦੋਸਤੋ ਭੁਚਾਲ ਤਾਂ
ਹਰ ਦਿਨ ਆਉਂਦੈ ਪਲ-ਪਲ ਆਉਂਦੈ
ਜਿਸਦਾ ਸੰਤਾਪ ਅੱਜ ਹਰ ਕੋਈ ਹੰਢਾਉਂਦੈ।
---o---

ਕਲਮ ਦੇ ਗਰਭ ’ਚੋਂ

ਦਿਲ ਟੁੱਟਣ ਦਾ
ਤਾਂ ਮਹਿਜ਼ ਇੱਕ
ਬਹਾਨਾ ਹੀ ਸੀ
ਲੇਖਾ-ਜੋਖਾ ਕੀਤਾ ਤਾਂ
ਮਨ ਹੀ ਨੱਕੋ-ਨੱਕ
ਭਰਿਆ ਹੋਇਆ
ਥਾਲ਼ੀ ਵਾਲੇ ਪਾਣੀ
ਵਾਂਗ ਡੋਲਦਾ ਮਿਲਿਆ!

ਵਕਤ ਤਾਂ ਹਮੇਸ਼ਾ
ਚੰਗਾ ਹੀ ਹੁੰਦੈ
ਜੋ ਆਉਖੀ ਘੜੀ
ਤੇ ਸੌਖੀ ਘੜੀ ’ਚੋਂ
ਨਿਰੰਤਰ ਹੀ
ਨਿਰਵਿਘਨ ਗੁਜ਼ਰਦੈ,
ਤੇ ਆਪਣੇ ਨਾਲ ਸਮੇਟਦੈ
ਕਈ ਕੌੜੀਆਂ ਤੇ ਮਿੱਠੀਆਂ ਯਾਦਾਂ

ਰਿਸਤੇ ਕਦੇ ਵੀ
ਕੱਚੇ ਨਹੀਂ ਹੁੰਦੇ
ਨਿਰਾਰਥਕ ਸੋਚ,
ਸ਼ੱਕ ਦੀ ਦੀਵਾਰ
ਤੇ ਕੂੜ ਵਤੀਰੇ

ਨਾਲ ਇਹ ਤੰਦ
ਅਤਿ ਕਮਜ਼ੋਰ
ਤੇ ਫ਼ਿੱਕੇ ਪੈ ਜਾਂਦੇ ਐ।

ਮੈਨੂੰ ਆਸ ਸੀ
ਮੇਰੀ ਕਲਮ ਦੇ ਗਰਭ 'ਚੋਂ
ਕੁੱਝ ਅੱਖਰ ਜਨਮ ਲੈਣਗੇ,
ਸ਼ਬਦ ਬਣ ਰੁੜ੍ਹਨਗੇ
ਤੇ ਕਿਸੇ ਕਵਿਤਾ ਰੂਪੀ
ਮੁਟਿਆਰ ਸਤਰ ਦਾ
ਮੇਰੇ ਦਿਲ ਦੇ
ਸਿਵੇ ਵਿੱਚ ਹੋਵੇਗਾ ਅੰਤ।
---o---

ਕਰਜ਼ਾਈ

ਮੈਂ ਅੱਜ ਵੀ
ਕਰਜ਼ਾਈ ਹਾਂ
ਤੇਰੇ ਕੀਮਤੀ ਸਾਹਾਂ ਦਾ
ਜਾਂ ਪੈਰਾਂ ਦੀਆਂ ਰਾਹਾਂ ਦਾ
ਤੇਰੀ ਦੇਸ਼ ਤੋਂ ਵਾਰੀ ਕੁਰਬਾਨੀ ਦਾ
ਜਾਂ ਚੋਅ-ਚੋਅ ਪੈਂਦੀ ਜਵਾਨੀ ਦਾ।

ਮੈਂ ਅੱਜ ਵੀ
ਕਰਜ਼ਾਈ ਹਾਂ
ਤੇਰੇ ਮੌਤ ਦੇ ਨਾਲ ਹੱਸੇ ਦਾ
ਜਾਂ ਫਿਰ ਚੁੰਮੇ ਹੋਏ ਰੱਸੇ ਦਾ
ਤੇਰੇ ਦਿੱਤੇ ਹੋਏ ਨਾਅਰੇ ਦਾ
ਜਾਂ ਸੁਖ ਤੇ ਰਾਜ ਜਿਹੇ ਪਿਆਰੇ ਦਾ

ਮੈਂ ਅੱਜ ਵੀ
ਕਰਜ਼ਾਈ ਹਾਂ
ਤੇਰੇ ਬਹੁਮੁੱਲੇ ਵਿਚਾਰਾਂ ਦਾ
ਜ਼ਿੰਦਗੀ ਦੇ ਸਭ ਕਿਰਦਾਰਾਂ ਦਾ
ਓਸ ਜ਼ੇਹਲਮ ਜਾਂ ਝਨਾਬ ਦਾ
ਜਾਂ ਹੱਥ ਵਿੱਚ ਫੜੀ ਕਿਤਾਬ ਦਾ।

ਮੈਂ ਅੱਜ ਵੀ
ਕਰਜ਼ਾਈ ਹਾਂ

ਤੇਰੀ ਉੱਚੀ-ਸੁੱਚੀ ਸੋਚ ਦਾ
ਜਾਂ ਸ਼ੇਰਾਂ ਵਰਗੇ ਜੋਸ਼ ਦਾ
ਤੇਰੇ ਅਣਮੁੱਲੇ ਗਿਆਨ ਦਾ
ਜਾਂ ਭਾਰਤ ਦੇਸ਼ ਮਹਾਨ ਦਾ।

ਮੈਂ ਅੱਜ ਵੀ
ਕਰਜ਼ਾਈ ਹਾਂ
ਤੇਰੀ ਦੇਸ਼ ਤੋਂ ਜ਼ਿੰਦ ਵਾਰੀ ਦਾ
ਜਾਂ ਯਾਰਾਂ ਸੰਗ ਗੂੜ੍ਹੀ ਯਾਰੀ ਦਾ
'ਪਰਮ-ਆਤਮਾ ਦੇ ਓਸ ਰਾਗ ਦਾ
ਜਾਂ ਫਿਰ ਜਲ੍ਹਿਆਂ ਵਾਲੇ ਬਾਗ਼ ਦਾ।
---o---

ਕਲਮ ਖ਼ਾਮੋਸ਼!

ਪਤਾ ਨੀ ਕਿਉਂ
ਇੰਝ ਲੱਗਦੈ
ਜਿਵੇਂ ਵਕਤ
ਜਾ ਈ ਰੁੱਕ
ਗਿਆ ਹੋਵੇ

ਮਨ ਚੁੱਪ,
ਦਿਲ ਉਦਾਸ,
ਅੱਖਾਂ ਨਮ,
ਦੇਹ ਸੁੰਨ,
ਕਲਮ ਖ਼ਾਮੋਸ਼!

ਇਹ ਸਮਾਂ-ਬੱਧ
ਕੇਹੀ ਹੋਣੀ
ਜੋ ਖੋਹ ਲੈ ਗਈ
ਭਾਰਤ ਦੇ ਦੋ
ਮਹਾਨ ਰਤਨ!

ਕਿੰਨਾ ਫ਼ਰਕ ਐ
ਇੱਕ ਸ਼ਹਾਦਤ
ਦੂਜੀ ਇਤਫ਼ਾਕਨ
ਐਪਰ ਕਦੇ ਨਾ ਪੂਰਿਆ
ਜਾਣ ਵਾਲਾ ਘਾਟਾ!

ਕਾਸ਼ ਕਿਤੇ
ਇਹ ਵਰਤਾਰਾ
ਸੱਚ ਨਾ ਹੁੰਦਾ
ਤੇ ਮਹਿਜ਼ ਇੱਕ ਸੁਪਨਾ
ਈ ਬਣ ਜਾਦਾਂ!

ਮੇਰਾ ਸ਼ੀਸ ਝੁੱਕਦੈ
ਸਿਜਦਾ ਹੈ
ਸਲਾਮ ਹੈ
ਸੱਚੀ ਤੇ ਸੁੱਚੀ
ਸ਼ਰਧਾਂਜਲੀ ਹੈ!

ਹੇ ਪਰਮ-ਆਤਮਾ
ਮੇਰੇ ਅੱਲ੍ਹਾ,ਐ ਰਾਮ
ਮੇਰੇ ਵਾਹਿਗੁਰੂ
ਮੇਰੇ ਮੌਲਾ ਐ ਖ਼ੁਦਾ
ਮਿਹਰ ਕਰੀਂ ਮਿਹਰ ਕਰੀਂ!
---o---

ਕਲਮ ਦਾ ਸਫ਼ਰ

ਉਮਰ ਭਰ
ਔਜ਼ਾਰ ਤਿੱਖੇ
ਕਰਦਾ ਰਿਹਾ
ਲੱਕੜਾਂ ਨੂੰ
ਤਰਾਸ਼ਣ ਦੇ ਲਈ

ਜਦ ਅੱਟਣ
ਪਏ ਕਰੜੇ ਹੱਥਾਂ ਵਿੱਚ
ਕਲਮ ਆਈ ਤਾਂ
ਕੋਮਲ ਸ਼ਬਦਾਂ ਨੂੰ
ਤਰਾਸ਼ਣ ਲੱਗ ਪਿਆ

ਨਾਚੀਜ਼ ਦੇ
ਉਹ ਸ਼ਬਦ ਸਾਹਿਤ ਦੀ
ਕੋਈ ਐਸੀ ਮਕਬੂਲ
ਸਿਨਫ਼ ਬਣ ਕਿ
ਉੱਭਰੇ ਕਿ

ਕਿਰਤੀ ਹੱਥਾਂ 'ਚੋਂ
ਉਪਜੀ ਓਸ
ਰਚਨਾਂ ਦੀ ਮੌਲਿਕਤਾ
ਤੇ ਸ਼ੱਕ ਦੀਆਂ
ਨਜ਼ਰਾਂ ਵੀ ਪਈਆਂ

ਪਰ ਫਿਰ ਵੀ
ਪਰਮ-ਆਤਮਾ ਦੀ
ਮਿਹਰ ਸਦਕਾ
ਕਲਮ ਦਾ ਸਫ਼ਰ
ਨਿਰੰਤਰ ਜਾਰੀ ਹੈ।
---o---

ਦੁਸਹਿਰਾ

ਅੱਜ ਦੁਸਹਿਰਾ ਹੈ
ਅਸੀਂ ਸਭ ਇਹ
ਕਹਿੰਦੇ ਨੀਂ ਥੱਕਦੇ
ਕਿ ਇਹ ਬਦੀ ਉਪਰ
ਨੇਕੀ ਦੀ ਜਿੱਤ
ਦਾ ਪ੍ਰਤੀਕ ਹੈ.....

ਸ਼ਾਇਦ ਕਿਤੇ ਇਹ
ਤੁਹਾਡਾ ਭਰਮ ਤੇ ਨਹੀਂ!
ਕਦੇ ਤੁਹਾਡੇ 'ਚੋਂ
ਵੇਖੀ ਕਿਸੇ ਨੇ ਨੇਕੀ
ਏਸ ਕਲਯੁਗੀ
ਸਮਾਜ ਵਿੱਚ?

ਓ ਭਲਿਓ ਲੋਕੋ!
ਰਾਵਨ ਮਰਿਆ
ਹੀ ਕਦ ਸੀ?
ਰਾਵਣ ਅੱਜ ਵੀ
ਜਿੰਦਾ ਨੇ
ਇੱਕ ਨਹੀਂ ਹਜ਼ਾਰਾਂ

ਅੱਜ ਸਿਆਸਤ ਤੇ
ਦਫ਼ਤਰਾਂ ਵਿੱਚ
ਚੌਰਾਹਿਆਂ 'ਤੇ ਬੱਸਾਂ ਵਿੱਚ
ਗਲੀ-ਮੁਹੱਲਿਆਂ ਤੇ
ਹਰ ਮੋੜ 'ਤੇ
ਰਾਵਣ ਮੌਜੂਦ ਨੇ ....

ਸਭ ਤੋਂ ਪਹਿਲਾਂ
ਆਪਣੇ ਅੰਦਰ ਬੈਠੇ
ਓਸ ਰਾਵਣ ਨੂੰ
ਚੁਆਤੀ ਲਾਵੋ
ਜੋ ਪਰਮ-ਆਤਮਾ ਦਾ
ਸਦੀਆਂ ਤੋਂ ਵੈਰੀ ਹੈ.....।
---o---

ਦਿਲ ਦੇ ਮਹਿਰਮ ਨੂੰ

ਯਾਦ ਤੇਰੀ ਦੇ ਤੰਦ ਸੋਹਣਿਆ,
ਗਿਣ-ਗਿਣ ਕੇ ਮੈਂ ਪਾਉਂਦੀ ਹਾਂ।
ਬਿਰਹਾ ਵਾਲੀ ਭੱਠੀ ਤੇ ਜਾ ਕੇ,
ਵੇ ਮੈਂ ਗ਼ਮਾਂ ਦਾ ਝੋਕਾ ਲਾਉਂਦੀ ਹਾ।

ਬਾਝ ਤੇਰੇ ਹੁਣ ਹੋ ਨਾ ਜਾਵਾਂ,
ਕਿਤੇ ਸੱਜਣਾਂ ਮੈਂ ਸ਼ੁਦਾਈ ਵੇ।
ਪਿਆਰ ਤੇਰੇ ਵਿੱਚ ਜੋਗਣ ਹੋਈ,
ਹੁਣ ਝੱਲ੍ਹ ਨਾ ਹੋਵੇ ਜੁਦਾਈ ਵੇ।

ਦਿਲ ਦਾ ਮਹਿਰਮ ਦੂਰ ਵਸੇਦਾਂ,
ਵਾਸਤਾ ਰੱਬ ਦਾ ਸਬ ਖ਼ੈਰ ਹੋਵੇ
ਸਾਹਾ ਦਾ ਮੇਰੇ ਹਾਣੀ ਬਣਜੇ,
ਕਿਤੇ ਭੁੱਲਕੇ ਨਾ ਉਹ ਗ਼ੈਰ ਹੋਵੇ।

ਸਾਉਣ ਮਹੀਨੇ ਤ੍ਰਿੰਝਣਾਂ ਦੇ ਵਿੱਚ,
ਸਖੀਆਂ ਕਰਨ ਮਖੌਲ ਵੇ।
ਕਿੱਥੇ ਨੀ ਤੇਰੇ ਦਿਲ ਦਾ ਮਹਿਰਮ ?
ਸੁਣ ਪੈਣ ਕਲੇਜੇ ਹੌਲ ਵੇ।

ਸਾਡੇ ਵੀ ਕਦੇ ਆਣ ਬਨੇਰੇ,
ਬੋਲ ਕਾਲਿਆ ਕਾਂਵਾ ਵੇ।
ਦੇ ਜਾ ਕੋਈ ਸੁਨੇਹੜਾ ਮੈਨੂੰ,
ਤੇਰੀ ਸੋਨੇ ਚੁੰਝ ਮੜਾਵਾਂ ਵੇ।

---o---

ਬੇੜੀਆਂ

ਤੂੰ ਇਹ ਨਾ ਜਾਣੀ ਕਿ
ਮੈਂ ਤੇਰੀਆਂ
ਸ਼ਾਤਰ ਚਾਲਾਂ ਤੋਂ
ਅਣਜਾਨ ਹਾਂ,
ਅਣਭੋਲ ਹਾਂ,
ਜਾਂ ਬੇਬੱਸ ਹਾਂ ।
ਜੇਕਰ ਅੱਜ ਮੈਂ
ਸਬਰ,
ਸੰਜਮ,
ਜਾਂ ਸਲੀਕੇ
ਦੀਆਂ ਬੇੜੀਆਂ 'ਚ
ਜਕੜਿਆ ਨਾ ਹੁੰਦਾ
ਤਾਂ ਸ਼ਾਇਦ...!!
ਅੱਜ ਮੇਰੇ ਹੱਥ
ਆਹ ਸ਼ਬਦ
ਰਚਨਹਾਰੀ ਕਲਮ
ਦੀ ਜਗ੍ਹਾ
ਤਲਵਾਰ ਹੋਣੀ ਸੀ।
---o---

ਬੇਬੱਸ ਅੰਨਦਾਤਾ

ਕੀ ਹੋਇਆ ਜੇ
ਹਾਕਮ ਅੱਜ
ਦੇਸ਼ ਦੇ ਉਨ੍ਹਾਂ
ਭੋਲੇ-ਭਾਲੇ ਲੋਕਾਂ
ਦੇ ਸਾਹਮਣੇ ਆਪਣੀਆਂ
ਸਦਭਾਵਨਾ ਰੈਲੀਆਂ
ਦਾ ਪ੍ਰਦਰਸ਼ਨ ਕਰ
ਮੇਰੇ ਦੇਸ਼ ਦੇ
ਅੰਨਦਾਤੇ ਨੂੰ
ਆਪਣੀ ਪਿੱਠ ਦੇ ਪਿੱਛੇ ਨੂੜ
ਉਨਾਂ ਦੀਆਂ ਭਾਵਨਾਵਾਂ
ਦਾ ਕਾਤਲ ਬਣਿਆ ਏ.....

ਐਪਰ ਯਾਦ ਰੱਖ
ਓਸ ਕਿਸਾਨ ਦੇ
ਅੱਗੇ ਵੀ ਅਨੇਕਾਂ ਹੀ
ਜਾਗਦੀਆਂ ਜ਼ਮੀਰਾਂ ਵਾਲੇ
ਤੇਰੇ ਜਕੜੇ ਹੋਏ
ਗਰੀਬੜੇ ਕਿਸਾਨ ਨੂੰ
ਭਾਈ ਘਨ੍ਹੱਈਏ ਦੇ ਵਾਂਗ
ਆਪਣੀ ਰੰਗਾਂ ਦੀ
ਮਸ਼ਕ ਦੇ ਨਾਲ
ਤੇ ਰੱਤੜੇ ਖ਼ੂਨ ਦੀ
ਲਿਬੜੀ ਕਲਮ ਦੇ ਸੰਗ
ਏਸ ਮਖੌਟੇ ਦੇ
ਪਿਛਲੇ ਚਿਹਰੇ ਨੂੰ
ਨੰਗਾ ਕਰ ਦੇਵਣਗੇ।
---o---

ਬਸ ਐਵੇਂ ਹੀ

ਮੇਰੇ ਯਾਰ ਕਹਿਣ ਮੈਨੂੰ,
ਕੀ ਹੋ ਗਿਆ ਏ ਤੈਨੂੰ ?
ਚੇਹਰਾ ਤੇਰਾ ਲੱਗਦਾ ਏ ਸਾਨੂੰ ਕੁਮਲਾਇਆ –
ਮੈਂ ਕਿਹਾ ਕੁੱਝ ਨਹੀਂ ਯਾਰੋ...
ਬਸ! ਐਵੇਂ ਹੀ ਮਨ ਭਰ ਆਇਆ।

ਐਂਵੇ ਭਰਦਾ ਨੀ ਮਨ!
ਭਾਵੇਂ ਮਨ ਜਾਂ ਨਾ ਮਨ
ਤੂੰ ਦੱਸਦਾ ਨੀਂ ਸਾਨੂੰ ਜੋ ਹੈ ਮਨ 'ਚ ਛੁਪਾਇਆ –
ਮੈਂ ਕਿਹਾ ਕੁੱਝ ਨਹੀਂ ਯਾਰੋ...
ਬਸ! ਐਵੇਂ ਹੀ ਮਨ ਭਰ ਆਇਆ।

ਕੋਈ ਗੱਲ ਤਾਂ ਜ਼ਰੂਰ
ਕਿੱਥੇ ਗਿਆ ਉਹ ਨੂਰ ?
ਕਿਹੜੀ ਗੱਲੋਂ ਝੋਕਾ ਦੱਸ ਗ਼ਮਾਂ ਵਾਲਾ ਲਾਇਆ–
ਮੈਂ ਕਿਹਾ ਕੁੱਝ ਨਹੀਂ ਯਾਰੋ...
ਬਸ! ਐਵੇਂ ਹੀ ਮਨ ਭਰ ਆਇਆ।

ਤੂੰ ਤਾ ਯਾਰਾਂ ਦਾ ਏ ਯਾਰ,
ਕਦੇ ਮੰਨਦਾ ਨਾ ਹਾਰ!
ਵੇਖ ਤੈਨੂੰ ਪਰਮ ਸੱਚੀਂ ਮਨ ਮੇਰਾ ਭਰ ਆਇਆ
ਮੈਂ ਕਿਹਾ ਕੁੱਝ ਨਹੀਂ ਯਾਰੋ...
ਬਸ! ਐਂਵੇ ਹੀ ਮਨ ਭਰ ਆਇਆ।
---o---

ਅਸਲੋਂ-ਸੱਚ

ਬੇਸ਼ਕ ਕੰਮ ਕਾਲਾ
ਕੋਇਲੇ ਦੇ ਵਿਉਪਾਰੀ ਦਾ
ਐਪਰ ਨੀਅਤ ਦੇ ਤਾਂ
ਅਸਲ ਵਿੱਚ ਉਹ ਸਾਫ਼ ਨੇ।

ਕਈ ਚਿੱਟੇ ਪਾ ਕੇ
ਚਿੱਟੇ ਦੇ ਵਿਉਪਾਰੀ
ਜਿੰਨਾਂ ਦੀ ਨੀਅਤ ਵਿੱਚ
ਪਤਾ ਨੀਂ ਕਿੰਨੇ ਹੀ ਪਾਪ ਨੇ।

ਨਾਲ ਜੋ ਤੁਰਦੇ
ਮੁਲਜ਼ਿਮ ਨੂੰ ਖੋਜਣ ਲਈ
ਆਖ਼ਰ ਜਦ ਪਤਾ ਲਗਾ
ਕਿ ਉਹ ਕਾਤਿਲ ਵੀ ਆਪ ਨੇ।

ਫੇਸਬੁੱਕ 'ਤੇ ਬੇਸ਼ੱਕ
ਅਖਵਾਉਂਦੇ ਨੇ ਸਿੰਗਲ ਜੋ
ਪਰਦੇ ਪਿੱਛੇ ਤਾਂ ਯਾਰੋ
ਉਹ ਚਹੁੰ ਬੱਚਿਆਂ ਦੇ ਬਾਪ ਨੇ।

ਬਿਰਧ ਆਸ਼ਰਮਾਂ
ਰੁੱਲਦੇ ਬੁੱਢੜੇ ਮਾਂ-ਬਾਪ ਨੇ
ਪੁੱਤ ਜਿੰਨ੍ਹਾਂ ਦੇ ਵਿੱਚ ਤੀਰਥਾਂ
ਮੈਂ ਕਰਦੇ ਵੇਖੇ ਜਾਪ ਨੇ ।

ਇਹ ਜ਼ਿੰਦਗੀ ਤਾਂ
ਸੀਪ ਦੀ ਬਾਜ਼ੀ ਐ 'ਪਰਮ'
ਆਪਣੇ ਹੀ ਭੇਤੀ ਜਿਹੜੇ
ਦੂਜੇ ਪਾਸੇ ਦਿੰਦੇ ਜਾ ਥਾਪ ਨੇ।
---o---

ਆਪਣੇ

ਆਪਣਿਆਂ ਦੀਆਂ
ਨਜ਼ਰਾਂ 'ਚ ਮੈਂ
ਮੁਸਾਫ਼ਿਰ ਹੋ ਗਿਆ
ਖ਼ੁਦਾ ਦਾ ਬੰਦਾ
ਖ਼ੁਦਾ ਦੇ ਘਰ,
ਖ਼ੁਦ ਹੀ ਕਾਫ਼ਿਰ ਹੋ ਗਿਆ।
ਬੀਜ਼ ਪੁੰਘਰਨ
ਤੋਂ ਪਹਿਲਾਂ
ਕਰ ਦਿੱਤਾ ਢੇਰੀ
ਜਾਨ ਤੋਂ ਪਿਆਰਾ
ਕਿੰਝ ਜਾਣ-ਜਾਣ
ਕੱਢੇ ਜਾਨ ਮੇਰੀ।
ਕਹਿ ਗਏ ਨੇ
ਗੁਰੂ, ਪੀਰ, ਔਲੀਏ
ਜਿਸ ਤਨ ਲਾਗੈ
ਸੋਈ ਤਨ ਜਾਣੇ..
ਦੁੱਖ ਇੱਕ ਦੂਜੇ ਦਾ
ਦੂਜਾ ਕੋਈ ਨਾ ਪਛਾਣੇ।
ਨਾ ਕੋਈ ਆਪਣਾ
ਏ ਇੱਥੇ
ਦੋਸ਼ ਗੈਰਾਂ ਨੂੰ
ਕੀ ਦੇਵਾ?
ਦੁੱਖ ਪਲ-ਪਲ ਤਾਂ ਕੀ
ਦੁੱਖ ਹਰ ਪਲ ਸਹਾਂ।
ਅੱਜਰ ਦੁੱਖ ਝੇਲ
ਬਿਖ਼ਰੇ ਪੈਂਡੇ ਸੰਗ
ਮੰਜ਼ਿਲਾਂ ਨੂੰ ਕੀਤਾ ਸਰ
ਆਪਣੇ ਹੀ ਘਰ
ਘਰਦਿਆਂ ਹੱਥੋਂ
'ਪਰਮ' ਹੋਇਆ ਬੇਘਰ।
---o---

ਅਦਬੀ ਸੱਚ

ਏਸ ਪੰਜਾਬ ਦੀ ਗੱਲ ,
ਜਾਂ ਓਸ ਪੰਜਾਬ ਦੀ ਗੱਲ।
ਸਤਲੁਜ, ਰਾਵੀ ਤੇ ਬਿਆਸ,
ਚਾਹੇ ਜੇਹਲਮ, ਝਨਾਬ ਦੀ ਗੱਲ।
ਨਾ ਤ੍ਰਿੰਞਣਾਂ 'ਚ ਰੌਣਕਾਂ,
ਨਾ ਦਿਖੇ ਬਾਗ਼ਾਂ 'ਚ ਬਹਾਰ,
ਨਾਹੀ ਪਿੱਪਲਾਂ 'ਤੇ ਪੀਘਾਂ,
ਗਿਆ ਕਿੱਥੇ ਓਹ ਕੱਲ੍ਹ ?
ਹੁਣ ਗੱਭਰੂ ਪੰਜਾਬ ਦੇ,
ਨਾ ਮੇਲਿਆਂ 'ਚ ਨੱਚਦੇ,
ਵੰਝਲੀ ਦੀ ਤਾਣ, ਸੰਮਾਂ ਵਾਲੀ ਡਾਂਗ,
ਨਾ ਅਖਾੜਿਆਂ 'ਚ ਮੱਲ।
ਘਰਾਂ 'ਚ ਮਧਾਣੀਆਂ ਵੀ,
ਕਿਵੇਂ ਖੂੰਝੇ ਵਿੱਚ ਲੱਗੀਆਂ,
ਰਿੜ੍ਹਕਨਿਆਂ 'ਚ ਜਾਲੇ ਪਏ,
ਨਾ ਹੁਣ ਹੁੰਦੀ ਛਲ੍ਹ-ਛਲ੍ਹ।
ਬੁਰਕੇ ਤੇ ਚੁੰਨੀ ਵੇਖੋ,
ਕਿਤੇ ਨਜ਼ਰ ਨਾ ਆਂਵਦੇ,
ਨਾ ਸੂਫ ਦੇ ਉਹ ਘੱਘਰੇ,
ਹੁਣ ਜੀਨ ਪਈ ਏ ਚੱਲ।
ਖੇਤਾਂ ਵਿੱਚ ਫਸਲਾਂ ਵੀ,
ਹੁਣ ਲੈਣ ਨਾ ਹੁਲਾਰੇ,
ਗਲ੍ਹ ਬਲਦਾਂ ਦੇ ਟੱਲੀਆਂ,
ਉਦਾਸ ਨੇ ਪੰਜਾਲੀ ਤੇ ਹਲ੍ਹ!
ਭਾਈ-ਭਾਈ ਦੀ ਜ਼ਿੰਦ ਦਾ,
ਵੇਖੋ ਵੈਰੀ ਅੱਜ ਬਣਿਆ,
ਰਾਮਗੜ੍ਹੀਏ ਭਾਈ ਤੋਂ ਬਿਨ੍ਹਾਂ,
ਰਹਿਣਾ ਬੜਾ ਮੁਸਕਿਲ।
---o---

ਅੱਖਰ

ਚਾਰ ਕੁ ਅੱਖਰ ਜਿੰਨਾ ਨੂੰ
ਕਿਸੇ ਸਿਨਫ਼ ’ਚ ਢਾਲ੍ਹ ਲਵਾਂ ਤਾਂ
ਮਿਲਦਾ ਹੈ ਸਕੂਨ।

ਇਹ ਤਾਂ ਮੇਰੇ ਸਾਥੀ ਬਣਗੇ ,
ਜੋ ਜਨਮਾਂ ਤੀਕ
ਨਿਭਾਵਣਗੇ ਸਾਥ ਮੇਰਾ।

ਇਹ ਤਾਂ ਮੇਰੇ ਇਕੱਲੇਪਣ ਦਾ
ਸਹਾਰਾ ਨੇ
ਕਾਸ਼ ! ਮੈਂ ਵੀ ਅੱਖਰ ਹੋਵਾ।

ਮੇਰੀ ਅੱਖਾਂ ਦੀ ਦ੍ਰਿਸ਼ਟੀ ’ਚ ਅੱਖਰ ਨੇ
ਮੇਰੀ ਰੂਹ ਅਤੇ ਦਿਲ ’ਚ ਅੱਖਰ ਨੇ
ਮੇਰੇ ਰੋਮ ਰੋਮ ’ਚ ਅੱਖਰ ਨੇ।

ਮੈਂ ਸੁਣਦਾ ਹਾਂ ਉਹ ਅੱਖਰ ਨੇ
ਜੋ ਸੋਚਦਾ ਹਾਂ ਉਹ ਵੀ ਅੱਖਰ ਨੇ।
ਤੇ ਜੋ ਲਿਖ ਰਿਹਾ ਹਾਂ
ਉਹ ਵੀ ਤਾਂ ਹੀ ਅੱਖਰ ਨੇ।
---o---

ਇਹ ਕੁੰਜਾਂ

ਓ ਰੱਬਾ!
ਮੈਨੂੰ ਵੀ
ਇੱਕ ਧੀ
ਦੇ ਦਿੰਦਾ ਤਾਂ
ਮੇਰਾ ਦੁੱਖ ਅੱਧਾ
ਤੇ ਸੁੱਖ ਚੌਗੁਣਾ ਹੋ ਜਾਂਦਾ

ਇਹ ਕੁੰਜਾਂ
ਹੀ ਤਾਂ ਨੇ
ਜੋ ਬੁਢੇਪੇ ਵਿੱਚ
ਵੀ ਬਿਰਧ
ਮਾਂ-ਬਾਪ ਦਾ ਦੁੱਖ
ਵੰਡਾਉਂਦੀਆਂ ਨੇ
ਸ਼ਾਇਦ ਹੋਰ ਕੋਈ ਨਹੀਂ

ਓਸ ਕਮੀ ਦੇ ਨਾਲ
ਮੈਨੂੰ ਮੇਰੇ
ਬੁਢੇਪੇ ਦਾ ਸਫ਼ਰ
ਇੱਕ ਧੀ ਦੇ
ਮੋਹ ਤੋਂ ਸੱਖਣਾਂ ਤੇ
ਡਾਵਾਂਡੋਲ ਜਾਪਦੈ

ਕਰਮਾਂ ਵਾਲੇ ਨੇ
ਜਿੰਨ੍ਹਾਂ ਦੇ ਘਰ
ਰੱਬ ਨੇ ਧੀ
ਦੀ ਦਾਤ ਬਖ਼ਸ਼
ਬਜ਼ੁਰਗਾਂ ਦਾ
ਮਾਣ ਤੇ ਸਤਿਕਾਰ
ਵਧਾਇਆ।
---o---

ਮੈਂ ਲੋਕ ਅਮਾਨਤ ਹਾਂ

ਇੱਕ ਤੇਰਾ
ਹੀ ਸੰਸਾ ਏ
ਮੈਂ ਤਾ ਕਦ ਦਾ
ਆਪਣੀ ਮੌਤ
ਨੂੰ ਅਲਵਿਦਾ
ਆਖ ਆਉਂਦਾ

ਮੇਰਾ ਤਾਂ ਮੇਰੇ
ਆਪਣੇ ਵਿੱਚ ਵੀ
ਕੁੱਝ ਨਹੀਂ ਹੈ
ਮੇਰੀਆਂ ਇਹ
ਅੱਖਾਂ ਵੀ ਕਿਸੇ ਦੀ
ਅਮਾਨਤ ਨੇ

ਮੇਰਾ ਰਤ ਵੀ
ਜ਼ਿੰਦਗੀ ਅਤੇ ਮੌਤ
ਨਾਲ ਜੂਝ ਰਹੀ
ਮਨੁੱਖਤਾ ਲਈ
ਮੇਰੇ ਸਰੀਰ ਦੇ ਬੈਂਕ
ਵਿੱਚ ਜਮਾਂ ਹੈ

ਗੱਲ ਕੀ, ਮੇਰਾ
ਪੂਰੇ ਦਾ ਪੂਰਾ
ਘਟ ਵੀ
ਲੋੜਵੰਦਾਂ ਦੀ
ਜ਼ਿੰਦਗੀ ਨੂੰ ਹੀ
ਸਮਰਪਿਤ ਹੈ।
---o---

ਨੰਨ੍ਹੀ ਜ਼ਿੰਦ

ਕਵਿਤਾ ਲਿਖਾਂ
ਜਾਂ ਕਹਾਣੀ ਲਿਖਾਂ
ਕੁੱਝ ਸਤਰਾਂ
ਮੈਂ ਆਪਣੀਆਂ
ਓਸ ਨੰਨ੍ਹੀ
ਜ਼ਿੰਦ ਦੇ ਨਾਮ ਲਿਖਾਂ।
ਜੋ ਕੁੱਝ
ਘੜੀਆਂ ਦੀ
ਮਹਿਮਾਨ ਹੈ
ਜਿਸਦੀ ਦਰਿੰਦਿਆਂ ਦੇ
ਹੱਥ ਜਾਨ ਹੈ
ਕੀ ਅੱਲ੍ਹਾ ਕੀ ਰਾਮ ਲਿਖਾ
ਇੱਕ ਸਿਜਦਾ
ਉਸਦੀ ਕੁਰਬਾਨੀ ਤੇ
ਜਿਸਦਾ ਸ਼ੁਰੂ ਹੋਣ ਤੋਂ
ਪਹਿਲਾਂ ਅੰਤ ਹੋਵੇ
ਕੀ ਲਿਖਾਂ, ਓਸ ਕਹਾਣੀ ਤੇ
ਕੀ ਪ੍ਰਭਾਤ ਕੀ ਸ਼ਾਮ ਲਿਖਾਂ
ਮੇਰੀ ਸੋਚ ਨੂੰ
ਤਾਕਤ ਦੇ ਰੱਬਾ
ਮੇਰੀ ਕਲਮ ਨੂੰ
ਬਲ ਕੋਈ ਬਖ਼ਸ਼ ਰੱਬਾ
ਕੀ ਛੱਡਾਂ ਕੀ ਤਮਾਮ ਲਿਖਾਂ
'ਪਰਮ' ਆਤਮਾ
ਚੁੱਪ ਹੋ ਜਾਂਦੈ
ਜਦ ਟੁੱਕੜੇ ਹੋਵਣ ਬੱਚੀਆਂ ਦੇ
ਕਿਉਂ ਨਾ ਫਿਰ ਕਿੱਸੇ ਬਣਦੇ
ਇੰਨ੍ਹਾਂ ਖ਼ਬਰਾਂ ਸੱਚੀਆਂ ਦੇ
ਸੰਦੇਸ਼ ਲਿਖਾਂ ਜਾਂ ਪੈਗ਼ਾਮ ਲਿਖਾਂ।
---o---

ਰਮਜ਼ਾਂ

ਸਬਰ ਹੈ
ਸੰਤੋਖ ਹੈ
ਕੀ ਹੋਇਆ
ਜੇ ਮਨਫ਼ੀ ਹਾਂ
ਅੱਗੇ ਕਦਰ
ਨਹੀਂ ਤਾਂ ਕੀ ਪਿੱਛੇ ਤਾਂ
ਸਰਦਾਰ ਹਾਂ।

ਤੈਂ ਜੋ
ਜਾਣ ਲਿਆ
ਖੌਰੇ ਕੀ
ਪਹਿਚਾਣ ਲਿਆ
ਉਂਝ ਤਾਂ ਯਾਰਾ
ਮੈਂ ਯਾਰਾਂ
ਦਾ ਹੀ
ਯਾਰ ਹਾਂ।

ਅਸਾਂ ਜਿੱਤ
ਕੇ ਕੀ ਲੈਣਾਂ
ਸਾਨੂੰ ਹਾਰ
ਹੀ ਪਿਆਰੀ
ਚਾਹੇ ਕੱਟ
ਦੇਵੋ ਪਰ੍ਹ ਅਸਾਂ ਲਾਉਣੀ
ਅੰਬਰੀਂ ਉਡਾਰੀ।

ਕਾਗ਼ਦ
ਤੇ ਕਲਮ
ਮੇਰੀ ਰੂਹ
ਦੇ ਨੇ ਹਾਣੀ
ਡੂੰਘੇ ਦਿਲ
ਦੇ ਜਖ਼ਮ ਜਿੰਨਾਂ ਮੇਰੀ
ਰਮਜ਼ ਪਛਾਣੀ।

---o---

ਉਧਮ ਸਿਆਂ

ਉਧਮ ਸਿਆਂ
ਅੱਜ ਸਮੁੱਚਾ ਰਾਸ਼ਟਰ
ਤੇਰੀ ਲਾਸਾਨੀ
ਸ਼ਹਾਦਤ ਅਤੇ
ਕ੍ਰਾਂਤੀਕਾਰੀ ਸੋਚ ਨੂੰ
ਸਿਜਦਾ ਕਰਦਾ ਹੋਇਆ
ਤੈਨੂੰ ਕੋਟਿਨ-ਕੋਟਿ
ਪ੍ਰਣਾਮ ਆਖਦੈ....

ਜ਼ਲ੍ਹਿਆਂ ਵਾਲੇ ਬਾਗ
ਦਾ ਉਹ ਦੁਖਾਂਤ ਅਤੇ
ਨਿਰਦੋਸ਼ਾਂ ਦੇ ਖ਼ੂਨ
ਦੀਆਂ ਨਦੀਆਂ
ਬੱਚਿਆ ਅਤੇ ਬਜ਼ੁਰਗਾਂ
ਦੀਆਂ ਚੀਕਾਂ
ਅੱਜ ਵੀ ਕੰਨੀਂ
ਗੂੰਜ਼ਦੀਆਂ ਨੇ....

ਐਪਰ ਤੇਰੀ ਨਿਡਰਤਾ
ਤੇ ਦਲੇਰੀ ਅੱਗੇ
ਸੀਸ ਝੁੱਕ-ਝੁੱਕ ਜਾਂਦੈ
ਜਦ ਵਲੈਤ ਵਿੱਚ ਤੈਂ
ਗੋਰੇ ਉਡਵਾਇਰ ਨੂੰ
ਜ਼ਲ੍ਹਿਆਂ ਵਾਲੇ ਬਾਗ
ਦਾ ਬਦਲਾ ਲੈ
ਸਦਾ ਦੀ ਨੀਂਦ ਸਵਾਇਆ ।
---o---

ਪੈਮਾਨਾ

ਕਾਸ਼!
ਮਨ ਦੀ
ਸੰਵੇਦਨਾ ਨੂੰ
ਸਮਝਣ,
ਮਾਪਣ,
ਜਾਂ ਪਰਖ਼ਣ
ਦਾ ਕੋਈ
ਪੈਮਾਨਾ ਹੁੰਦਾ....

ਕਾਗ਼ਜ਼ ਦੀ
ਹਿੱਕ 'ਤੇ
ਲਿਖੇ ਹਰਫ਼
ਅਤੇ ਕੈਨਵਸ
ਤੇ ਚਿਤਰਿਆ
ਹੋਇਆ ਚਿੱਤਰ
ਪੜ੍ਹੋ, ਸਮਝੋ
ਦੇਖੋ ਤੇ ਪਰਖੋ

ਤੁਹਾਡੀ ਸੋਚ
ਅਤੇ ਕਲਪਨਾ ਦੇ
ਸੁਮੇਲ ਸੰਗ
ਜਨਮੇ ਵਿਚਾਰਾਂ
ਦੀ ਓਹ ਲੜੀ,
ਉਹ ਪ੍ਰਕਿਰਿਆ ਹੀ
ਅਸਲ ਪੈਮਾਨਾ ਹੈ।
---o---

ਸੱਚੋ-ਸੱਚ

ਨਾ ਛੱਡ ਹੋਣੈ
ਨਾ ਰੱਖ ਹੋਣੈ,
ਨਾ ਮੇਲ ਹੋਣੈ
ਨਾ ਵੱਖ ਹੋਣੈ।
ਨਾ ਕਹਿ ਹੋਣੈ
ਨਾ ਸਹਿ ਹੋਣੈ,
ਨਾ ਜਾਹ ਹੋਣੈ
ਨਾ ਰਹਿ ਹੋਣੈ।
ਨਾ ਜ਼ਰ ਹੋਣੈ
ਨਾ ਮਰ ਹੋਣੈ,
ਨਾ ਡੁੱਬ ਹੋਣੈ
ਨਾ ਤਰ ਹੋਣੈ।
ਨਾ ਖੜ੍ਹ ਹੋਣੈ
ਨਾ ਲੜ੍ਹ ਹੋਣੈ,
ਨਾ ਡਿੱਗ ਹੋਣੈ
ਨਾ ਚੜ੍ਹ ਹੋਣੈ।
ਨਾ ਤੋੜ ਹੋਣੈ
ਨਾ ਜੋੜ ਹੋਣੈ,
ਨਾ ਰੱਖ ਹੋਣੈ
ਨਾ ਛੋਡ ਹੋਣੈ।
ਨਾ ਮੰਗ ਹੋਣੈ
ਨਾ ਸੰਗ ਹੋਣੈ,
ਨਾ ਸੁਰ ਹੋਣੈ
ਨਾ ਜੰਗ ਹੋਣੈ।
ਨਾ ਤੁਰ ਹੋਣੈ
ਨਾ ਭੱਜ ਹੋਣੈ,
ਨਾ ਕੱਲ੍ਹ ਹੋਣੇ
ਨਾ ਅੱਜ ਹੋਣੈ।
---o---

ਤਕਰਾਰ

ਕੁੱਝ ਸੁਣਲੈ
ਕੁੱਝ ਕਹਿ ਵੀ
ਐਪਰ ਕੁੱਝ ਘੜੀਆਂ,
ਰਤਾ ਬਹਿ ਵੀ।

ਮੁੱਦਤਾਂ ਤੋਂ ਹੀ
ਚੁੱਪ ਰਹੀ ਮੈਂ
ਜੇ ਹੁਣ ਮੂੰਹ ਖੋਲ੍ਹਿਆ,
ਤਾਂ ਸਹਿ ਵੀ।

ਕੰਗਣੀ ਤੀਕ
ਘੜਾ ਭਰ ਗਿਐ
ਛਲਕੇਂਦੀ ਪਈ ਐ,
ਹੁਣ ਤਹਿ ਵੀ।

ਮੈਨੂੰ ਹੀ ਨਿੱਤ
ਝਿੜਕਾਂ ਮਾਰਦੈਂ
ਕਦੇ ਹੋਰ ਕਿਸੇ ਨੂੰ,
ਕੁਝ ਕਹਿ ਵੀ।

ਕਿਉਂ ਪਰਮ
ਜ਼ਿੰਦ ਪਿਆ ਕੱਢਦੈਂ
ਮੈਂ ਪ੍ਰੀਤ ਹਾਂ ਤੇਰੀ,
ਤੂੰ ਚਾਹੇ ਕੁੱਝ ਕਹਿ ਵੀ।
---o---

ਜ਼ਜ਼ਬਾਤ

ਆਪਣੇ
ਲਫ਼ਜ਼ਾਂ ਨੂੰ
ਕੈਦ ਕਰ
ਨਾ ਸਕਿਆ
ਕਾਲ-ਕੋਠੜੀ
ਦੇ ਅੰਦਰ

ਕੀ ਕਰਾਂ
ਸ਼ਬਦਾਂ ਦਾ ਬੰਨ੍ਹ
ਰੋਕ ਹੀ
ਨਾ ਸਕਿਆ
ਮੇਰੇ ਜ਼ਜਬਾਤਾਂ
ਦੇ ਵਹਾ ਨੂੰ।
---o---

ਇੰਝ ਵੀ ਹੁੰਦੈ

ਲਿੱਪ-ਪੋਚ
ਕੇ ਚੌਂਕਾ
ਫਿਰ,ਹਾਰੇ ਧਰਤੀ
ਦਾਲ....
ਸਿੱਧੇ ਮੂੰਹ ਨਾ
ਬੋਲੇ ਮਾਂ ਨੀਂ
ਵੇਖ, ਤੇਰਾ ਮੈਨੂੰ
ਲਾਲ....
ਸਾਹਾਂ ਤੋਂ ਵੱਧ
ਜਾਣਿਆਂ ਜਿਸਨੂੰ
ਹੁਣ, ਬੋਲੇ ਨਾ ਮੇਰੇ
ਨਾਲ....
ਘਰ ਓਸਦੇ ਸੀ
ਘੁੱਪ ਹਨ੍ਹੇਰਾ
ਤੁਸਾਂ, ਦੀਵਾ ਦਿੱਤਾ
ਬਾਲ....
ਪੰਖ ਨਿਕਲੇ ਜਦ
ਲਾਈ ਉਡਾਰੀ
ਅੰਤ, ਸ਼ਿਕਾਰੀ ਪਾਇਆ
ਜ਼ਾਲ....
ਭੁੱਖੇ ਨੂੰ ਛੱਡ
ਤੁਰਗੀ ਅੰਮੜੀ
ਬੱਚੇ ਦਾ, ਰੋ-ਰੋ ਬੁਰਾ
ਹਾਲ....
ਇਹ ਬਾਜ਼ੀ ਵੀ
ਪਰਮ ਜਿੱਤ ਜਾਣੀ ਸੀ
ਜੇ, ਚਲਦਾ ਨਾ ਦੁਸ਼ਮਣ
ਚਾਲ....।
---o---

ਡਰ

ਗ਼ਰਨੇਡ
ਤੋਪਾਂ
ਮਿਜ਼ਾਇਲਾਂ ਤੇ
ਮਸ਼ੀਨਗੰਨਾਂ....

ਤੀਰ
ਨੇਜ਼ੇ
ਭਾਲੇ ਤੇ
ਕਿਰਪਾਨਾਂ....

ਡਾਗਾਂ
ਪੱਥਰ
ਰੋੜੇ ਤੇ
ਇੱਟਾਂ....

ਤੋਂ ਨਹੀਂ
ਤੇਰੇ ਬੋਲਾਂ
ਤੋਂ ਡਰ
ਲੱਗਦੈ।
---o---

ਭੁੱਜਣਾ

ਭੁੱਜਣਾ
ਇਕੱਲਾ
ਭੱਠੀ ਵਿੱਚ
ਪਏ ਦਾਣਿਆਂ
ਦਾ ਈ ਨਹੀਂ ਹੁੰਦਾ!

ਮਨ ਦਾ ਭੁੱਜਣਾ
ਤਨ ਦਾ ਭੁੱਜਣਾ
ਤੇ ਕਣ-ਕਣ
ਦਾ ਭੁੱਜਣਾ
ਵੀ ਤਾਂ ਭੁੱਜਣਾ ਹੀ ਹੈ!

ਕੁੱਝ ਦਿਖ ਜਾਂਦੈ
ਕੁੱਝ ਛਿਪ ਜਾਂਦੈ
ਤੇ ਕਦੀਂ
ਆਪ ਮੁਹਾਰੇ
ਦਿਲ ਧੁੱਖ ਜਾਂਦੈ!

ਕਦੇ-ਕਦੇ ਹਰਫ਼
ਹੱਸਦੇ ਵੀ ਨੇ
ਰੋਂਦੇ ਵੀ ਨੇ
ਹਰਫ਼ ਭੁੱਜਦੇ ਨੇ
ਹਰਫ਼ ਜਗਦੇ ਨੇ
ਤੇ ਹਰਫ਼ ਮਘਦੇ ਵੀ ਨੇ।
---o---

ਭਾਗਹੀਣ

ਜਦ ਮੈਂ
ਆਪਣੇ 'ਚੋਂ
ਤੈਨੂੰ ਮਨਫ਼ੀ ਕੀਤਾ ਤਾਂ
ਬਰਾਬਰ
ਜ਼ੀਰੋ ਬਚਿਆ....

ਜਦ ਮੈਂ
ਆਪਣੇ 'ਚ
ਤੈਨੂੰ ਜੋੜਿਆ ਤਾਂ
ਬਰਾਬਰ
ਦੋ ਨਹੀਂ, ਗਿਆਰਾਂ ਹੋ ਗਏ....

ਜਦ ਮੈਂ
ਤੇਰੇ ਗੁਣਾਂ ਨੂੰ
ਆਪਣੇ ਔਗੁਣਾਂ ਨਾਲ
ਗੁਣਾਂ ਕੀਤੀ ਤਾਂ
ਲੋਕ ਗੁਣਵਾਨ ਸਮਝਣ ਲੱਗ ਪਏ....

ਤੇ ਜਦ
ਭਾਗਾਂ ਨਾਲ 'ਪਰਮ'
ਤੇਰੇ ਸੰਗ ਭਾਗ ਕੀਤੀ ਤਾਂ
ਖ਼ੁਦ ਹੀ
ਭਾਗਹੀਣ ਹੋ ਗਿਆ....।
---o---

ਧੀ

ਕਦੇ-ਕਦਾਈਂ
ਸੋਚਦੈਂ ਕਿ
ਮੇਰੇ ਮੁਰਸ਼ਦ ਨੇ
ਮੈਨੂੰ ਸਭ ਕੁੱਝ
ਦਿੱਤੈ ...
ਐਪਰ
ਫਿਰ ਵੀ
ਅਪਾਹਜ਼ ਜੇਹਾ
ਮਹਿਸੂਸ ਕਰ ਰਿਹੈਂ
ਇੱਕ ਧੀ ਤੋਂ
ਬਿਨ੍ਹਾਂ ...।
---o---

ਦੋਸਤ

ਅੱਜ ਦੇ ਦੌਰ 'ਚ
ਦੋਸਤ ਇੱਕ
ਨਾ-ਮਾਤਰ
ਸ਼ਬਦ ਹੀ ਹੈ
ਜਿਸਦਾ ਵਜੂਦ,
ਹੋਂਦ,
ਤੇ ਅਰਥ
ਕਿੱਧਰੇ ਗਵਾਚ
ਗਏ ਹਨ।
---o---

ਮਹਿੰਗਾਈ

ਮਹਿੰਗਾਈ
ਸ਼ਾਹੂਕਾਰਾਂ ਦੀ
ਬੁੱਕਲ 'ਚ
ਚਾਂਗੜਾਂ ਮਾਰਦੀ ਹੈ
ਕਿ ਮੈਂ ਗਰੀਬਾਂ 'ਤੇ
ਫਤਹਿ ਪਾ ਲਈ....

ਕਮਲੀਏ ਤੂੰ
ਕੀ ਜਾਣੇ ਗਰੀਬ ਦੀ
ਖ਼ੁਦਕਸ਼ੀ ਦਾ ਮੁੱਲ ?
ਜਿਸਨੇ ਤੈਨੂੰ ਕੀ
ਤੇਰੇ ਪੁਰਖਿਆਂ ਨੂੰ ਵੀ
ਖਰੀਦ ਲੈਣੈ।
ਯਾਰਾ !
---o---

ਯਾਰਾ

ਯਾਰਾ !
ਦੇਖੀ ਕਿਤੇ ਹੁਣ ਤੂੰ
ਉਚੇੜ ਹੀ ਨਾ ਦੇਵੀਂ !
ਬਣ ਗਏ ਨਾਸੂਰ
ਸਾਂਭ ਕੇ ਜੋ ਰੱਖੇ ਨੇ
ਜਖ਼ਮ, ਤੇਰੀ ਹੀ ਯਾਦ ਲਈ।

ਯਾਰਾ !
ਕੰਮ ਤੇਰਾ ਮਹਾਨ
ਫ਼ਰਜ਼ ਅਸਾਂ ਵੀ ਨਿਭਾਏ
ਘਰ ਅੰਬਰਾਂ ਨੂੰ ਛੂੰਹੇ ਰੱਬਾ
ਸਿਰ ਝੁੱਕ-ਝੁੱਕ ਜਾਵੇ
ਦਰ ਤੇਰੇ ਬਸ ! ਇਹੋ ਫਰਿਆਦ ਲਈ।

ਯਾਰਾ !
ਕੈਨਵਸ ਤੇਰੀ
ਖ਼ਿਆਲ ਵੀ ਤੇਰਾ
ਸੌਖ਼ ਰੰਗ ਵੀ ਨੇ ਤੇਰੇ
ਐਪਰ ਕਲਮ ਪਰਮ ਦੀ
ਜੋ ਚੱਲੀ ਬਸ ! ਸੀਮਤ ਮਿਆਦ ਲਈ।

ਯਾਰਾ !
ਮੇਰੇ ਚਿਤਰੇ, ਚਿਤਰ ਨੂੰ
ਤੈਂ ਕਰ ਦਿੱਤਾ ਸਾਫ਼ ?
ਚਲੋ ਮਰਜ਼ੀ ਤੁਹਾਡੀ
ਕੀ ਏ ਅਸਾਡੀ ਔਕਾਤ
ਬਸ ਏਨਾ ਹੀ ਕਾਫ਼ੀ ਸਦਾ ਤੇਰੀ ਯਾਦ ਲਈ।
---o---

ਉਸਾਰੂ ਆਲੋਚਨਾ

ਇੱਕਲੀ
ਵਾਹ...ਵਾਹ
ਦੇ ਨਾਲ
ਰਚਨਾਕਾਰ ਦਾ
ਮਨੋਬਲ ਜ਼ਰੂਰ
ਉੱਚਾ ਹੁੰਦੈ,
ਪਰ ਉਸਦੀ
ਰਚਨਾ ਦੇ
ਵਿਕਾਸ 'ਚ
ਖੜ੍ਹੋਤ ਪੈਦਾ
ਹੁੰਦੀ ਹੈ...

ਐਪਰ
ਉਸਾਰੂ
ਆਲੋਚਨਾ ਦੇ
ਨਾਲ ਰਚਨਾ
ਦੇ ਵਿੱਚ
ਵਧੇਰੇ ਨਿਖ਼ਾਰ
ਆਉਂਦੈ, ਪਰ
ਇਹ ਗੱਲ
ਹਜ਼ਮ ਬਹੁਤ
ਘੱਟ ਰਚਨਾਕਾਰਾਂ
ਦੇ ਹੁੰਦੀ ਹੈ
ਉਹ ਚਾਹੁੰਦੇ ਨੇ ਸਿਫ਼ਤ ਬਸ! ਸਿਫ਼ਤ।
---o---

ਕੇਹੀ ਪੱਤਝੜ !

ਕੀ ਹੋਇਆ
ਜੇ ਅੱਜ ਅਸੀਂ
ਆਪਣਿਆਂ ਵਲੋਂ
ਆਪਣੇ ਹੀ ਰੁੱਖ ਦੀ
ਟਹਿਣੀ ਨਾਲੋਂ
ਪੱਤਝੜ ਤੋਂ ਬਿਨ੍ਹਾਂ
ਕਿੰਨੀ ਬੇ-ਕਦਰੀ
ਤੇ ਬੇ-ਰਹਿਮੀ ਦੇ
ਨਾਲ ਝੰਜੋੜ
ਝਾੜ ਤੇ ਉਜਾੜ
ਦਿੱਤੇ ਗਏ ਹਾਂ...

ਐਪਰ ਅਸੀਂ
ਫਿਰ ਵੀ ਖ਼ੁਸ਼ ਹਾਂ
ਕਿਉਂਕਿ ਅਸਾਂ ਤਾਂ
ਟੁੱਟ ਕੇ ਵੀ
ਜੁੜ ਜਾਣਾ ਹੈ
ਮੇਰੇ ਤੋਂ ਪਹਿਲਾਂ
ਕੁਝ ਸਹਿਕ ਰਹੇ
ਤੇ ਕੁਝ ਟਹਿਕ ਰਹੇ
ਮੇਰੇ ਹਾਣੀਆਂ ਨੇ
ਏਸ ਬੇਰੁਖੀ
ਦਾ ਸ਼ਿਕਾਰ ਹੋ
ਮੇਰੇ 'ਚ ਹੀ
ਆਣ ਮਿਲਣਾ ...।
---o---

ਸੋਚ ਤੋਂ ਵੀ ਪਰ੍ਹੇ

ਇਹ ਜੀਵਨ
ਚੱਕਰ ਦੇ
ਵਿੱਚ ਉਲਝ ਕੇ
ਤੇਰੀ ਨਿਮਾਣੀ
ਜ਼ਿੰਦ ਦੀ ਵੈਰੀ
ਨਹੀਂ ਬਣਾਗੀ....

ਐ ਖ਼ੁਦਾ!
ਮਨੁੱਖਤਾ ਦਾ ਤਾਂ
ਪਰਛਾਵਾਂ ਕਦੀਂ
ਵੀ ਨਾ ਪਵੇ
ਸਾਡੀ ਏਸ
ਰੰਗਲੀ ਦੁਨੀਆਂ 'ਤੇ....।
---o---

ਇਕਾਂਤ 'ਚ

ਇਕਾਂਤ 'ਚ
ਅਕਸਰ!
ਜਾਗਦੀ ਹੈ ,
ਮਨ ਮੇਰੀ ਦੀ,
ਵੇਦਨਾ।

ਤੇ ਫਿਰ
ਝੁਰੀਟਦਾ ਹਾਂ
ਕਾਗਜ਼ ਦੀ
ਹਿੱਕ ਉੱਤੇ
ਕੁਝ ਹਰਫ਼।

ਕੁਝ ਪਾੜਦਾ ਹਾਂ
ਤੇ ਕੁਝ ਸਾਂਭ
ਉਤਾਰਦਾ ਹਾਂ।
ਸੁਨਿਹਰੇ ਪੰਨਿਆਂ
ਵਾਲੀ ਡਾਇਰੀ 'ਤੇ।

ਕਦੇ ਕਦੇ
ਬੇ-ਤਹਾਸਾ
ਮਨ ਦੇ ਵਿੱਚ
ਹੱਸਦਾ ਵੀ ਹਾਂ
ਕਾਗਜਾਂ ਦੇ ਲੱਗੇ,ਢੇਰਾਂ ਨੂੰ ਵੇਖ !

ਭਾਂਡਿਆਂ ਦਾ ਖੜਕਾਅ
ਤੇ ਬੇ ਫਾਲਤੂ ਆਵਾਜ਼ਾਂ
ਕਿਰਕਿਰਾ ਕਰਦੀਆਂ ਨੇ
ਮੇਰੇ ਦੁਆਰਾ
ਆਰੰਭੇ ਕਾਰਜ਼ ਨੂੰ।
---o---

ਬਿਰਹੜਾ

ਸਈਓ ਨੀ
ਸਜ ਵਿਆਹੜੀਓ!
ਸਾਡਾ ਵਿਹੜਾ
ਕੀਕਣ ਰੱਤੜਾ
ਚੋਰੀ ਮਿਲਣੇ
ਜਾਸਾ ਚੰਨ ਨੂੰ
ਮੈਂਡੇ ਪੈਰੀਂ ਨੀ
ਚੁੱਬੜਾ ਭੱਖੜਾ।

ਸਈਓ ਨੀ
ਸਜ ਵਿਆਹੜੀਓ!
ਮੈਂ ਪਾਣੀ ਭਰੇਸਾਂ
ਅੱਜ ਨੀ
ਖ਼ੂਹੀ ਤੇ ਜਾਸਾਂ
ਘੜੀ-ਮੁੜੀ
ਮੈਂ ਕਰ-ਕਰ
ਲੱਖਾਂ ਪੱਜ ਨੀਂ।

ਸਈਓ ਨੀ
ਸਜ ਵਿਆਹੜੀਓ!
ਚਰਖ਼ਾ
ਡਾਹਸਾਂ ਰੋਜ
ਦੋ ਪਹਿਰੜੇ

ਤੰਦੜੀ ਪਾਸਾਂ
ਮੈਂਡੇ ਪਿਆਰ ਦੀ
ਚਰਖੇ ਦੇ ਹਰ ਮੈਂ ਗੇੜੇ।

ਸਈਓ ਨੀ
ਸਜ ਵਿਆਹੜੀਓ!
ਮੈਂਡਾ ਚੰਨ
ਵਸੇਂਦਾ ਦੂਰ
ਮੈਂਡੇ ਹੌਲ
ਕਲੇਜੜੇ ਪੈਂਵਦੇ
ਤੇ ਸੀਨੇ
ਮੱਚ ਸੀ ਤੰਦੂਰ।

ਸਈਓ ਨੀ
ਸਜ ਵਿਆਹੜੀਓ!
ਕਿਤੇ ਜੋਗਨ
ਨਾ ਹੋ ਜਾਸਾਂ
ਮੈਡੀ ਪ੍ਰੀਤ
ਹੈਸੀ ਅਵੱਲੜੀ
ਕਿੰਝ ਬਿਰਹੜਾ
ਦੇ ਗੀਤ ਗਾਸਾਂ।

ਸਈਓ ਨੀ
ਸਜ ਵਿਆਹੜੀਓ!
ਨਾ ਕਾਗ ਕੋਈ
ਕੁਰਲਾਉਂਦਾ ਏ
ਖ਼ੈਰ ਹੋਵੇ!
ਮੈਂਡੇ ਪਰਮ ਦੀ
ਮੈਨੂੰ ਮੁੜ-ਮੁੜ
ਚੇਤਾ ਆਉਂਦਾ ਏ।
---o---

ਰਿਮਝਿਮ ਰਿਮਝਿਮ

ਰਿਮਝਿਮ ਰਿਮਝਿਮ
ਬੱਦਲ ਬਰਸਣ
ਪੈਲਾਂ ਪਾਵਣ ਮੋਰ
ਨੀ ਸਈਓ ਚੱਲੇ ਨਾ ਮੇਰਾ ਜ਼ੋਰ!

ਰਿਮਝਿਮ ਰਿਮਝਿਮ
ਪੌਣ ਚਲੇਂਦੀ
ਪੱਤੇ ਪਾਵਣ ਸ਼ੋਰ ...
ਨੀ ਸਈਓ ਚੱਲੇ ਨਾ ਮੇਰਾ ਜ਼ੋਰ!

ਰਿਮਝਿਮ ਰਿਮਝਿਮ
ਕਿਣਮਿਣ ਹੋਵੇ
ਬੱਦਲਾ ਦੀ ਵੇਖੋ ਟੋਰ ...
ਨੀ ਸਈਓ ਚੱਲੇ ਨਾ ਮੇਰਾ ਜ਼ੋਰ!

ਰਿਮਝਿਮ ਰਿਮਝਿਮ
ਪੈਣ ਛਰਾਟੇ
ਚੜ੍ਹੀ ਘਟਾ-ਘਨਘੋਰ ...
ਨੀ ਸਈਓ ਚੱਲੇ ਨਾ ਮੇਰਾ ਜ਼ੋਰ!

ਰਿਮਝਿਮ ਰਿਮਝਿਮ
ਪੀਂਘ ਸਤਰੰਗੀ
ਵੱਧਦੀ ਜਾਵੇ ਹੋਰ ...
ਨੀ ਸਈਓ ਚੱਲੇ ਨਾ ਮੇਰਾ ਜ਼ੋਰ!
---o---

ਪੀੜ ਹਿਜ਼ਰ ਦੀ

ਚਰੂੰਡ ਲਿਆ ਸਾਡਾ
ਹੱਡਾਂ ਨਾਲੋਂ ਮਾਸ ਵੇ
ਹੁਣ ਜੀਵਾਂ ਜਾਂ ਮਰਾਂ
ਬੱਝਦੀ ਨਾ ਆਸ ਵੇ।

ਤਨ ਹੋਇਆ ਚੂਰ
ਮਨ ਫਿੱਕਾ ਪੈ ਗਿਆ
ਨੱਸੇ ਬੁੱਲ੍ਹੀਆਂ ਤੋਂ ਹਾਸੇ
ਕੌਣ ਖ਼ੁਸ਼ੀਆਂ ਵੀ ਲੈ ਗਿਆ।

ਸਧਰਾਂ ਦੇ ਪੰਖ਼ੀ
ਉੱਡੇ ਦਿਲ ਦੇ ਬਨ੍ਹੇਰੇ ਤੋਂ
ਰਾਤਾਂ ਲੰਮੀਆਂ ਦੇ ਪਹਿਰ
ਹੁਣ ਕੱਟਦੇ ਨਾ ਮੇਰੇ ਤੋਂ।

ਦਿਲ ਦੇ ਨਗਰਾਂ 'ਚ
ਗ਼ਮਾਂ ਦਾ ਪਹਿਰਾ ਏ
ਨੈਣਾਂ ਦੇ ਸਮੁੰਦਰਾਂ ਦਾ
ਪਾਣੀ ਬੜਾ ਗਹਿਰਾ ਏ।

ਪੀੜ੍ਹ ਹਿਜ਼ਰ ਦੀ
'ਪਰਮ' ਝੱਲ੍ਹ ਨਾ ਹੋਵੇ
ਮੁੱਖ ਦੱਸਦਾ ਨਾ ਦੁੱਖ
ਦਿਲ 'ਕੱਲਾ ਬਹਿ ਰੋਵੇ।
---o---

ਨਿਹੋਰਾ

ਸੋਹਣਿਆ
ਜ਼ਿਗਰਾ ਦੇਖੀਦੈ
ਪਰਖ਼ਣ ਤੇ
ਭੁੱਲ ਗਿਆ
ਗੱਲ ਕਰਦੈਂ
ਜਨਮਾਂ ਦੀ
ਤੂੰ ਤਾਂ ਇੱਥੇ
ਹੀ ਭੁੱਲ ਗਿਆ!

ਇਹ ਭਰਮ
ਤੇ ਭੁਲੇਖੇ
ਦੂਰ ਕੀਤਿਆਂ
ਹੀ ਹੋਣੇ,
ਛੱਡ ਵੀ
ਦੇ ਮਨਾਂ ਤੂੰ
ਦੋਸ਼ ਰੋਜ਼-ਰੋਜ਼
ਲਾਉਣੇ!

ਚਲੋਂ ਮਰਜ਼ੀ
ਹੈ ਤੇਰੀ
ਕੀ ਜ਼ੋਰ
ਏ ਮੇਰਾ
ਲੱਖ ਮੰਦੜਾ
ਤੂੰ ਬੋਲ
ਕੁੱਝ ਘਟਣਾ
ਨੀ ਮੇਰਾ!

ਸਦਾ ਸੁਖੀ
ਤੂੰ ਵਸੇਂ
ਔਪਰ ਸੰਗ
ਪਰਮ-ਆਤਮਾ
ਦਾ ਹੋਵੇ
ਮਾਣੇ ਖ਼ੁਸ਼ੀਆਂ ਤੇ ਖੇੜੇ
ਨੀਂਦ ਚੈਨ
ਦੀ ਤੂੰ ਸੌਂਵੇ!
---o---

ਨਸੀਅਤ

ਮੇਰੇ ਪਿਆਰ ਨੂੰ
ਮਾਪਣ ਦਾ
ਪਰਖਣ ਦਾ
ਘੋਖਣ ਦਾ
ਜਾਂ ਵਿਚਾਰਣ ਦਾ
ਜਾਹ ਢੂੰਡ ਕੋਈ
ਨਵਾਂ ਯੰਤਰ...

ਐਵੇਂ ਨਿੱਤ-ਨਿੱਤ
ਵੰਗਾਂ ਨੂੰ ਤੋੜ
ਅਸ਼ੁੱਧ
ਕਿਆਸ ਦੇ ਨਾਲ
ਪਾਲ ਨਾ ਲਵੀਂ
ਕੋਈ ਅਵੱਲੜਾ
ਐਵੇਂ ਭਰਮ ਤੂੰ !

ਘੜੀ-ਮੁੜੀ
ਸ਼ੀਸ਼ੇ ਮੂਹਰੇ ਖੜ੍ਹ
ਸਜ਼-ਸਵਰ ਕੇ
ਕੀ ਤੱਕਣੀਂ ਏਂ ?
ਏਸ ਨੇ ਤਾਂ
ਤੇਰੇ 'ਚ ਹੀ
ਫ਼ਰਕ ਦੱਸਣਾ ਏ।
---o---

ਚੁੱਪ ਦੀ ਹੂਕ

ਮੈਂ ਤਾਂ
ਸਬਾਇਕੀ ਹੀ
ਪੁੱਛ ਬੈਠਾ ਸੀ
ਆਪਣੇ ਜ਼ਿਗਰ
ਦੇ ਟੁੱਕੜੇ ,
ਸਾਹਾਂ ਤੋਂ
ਵੀ ਨੇੜੇ
ਆਪਣੇ ਪਰਮ
ਮਿੱਤਰ ਤਾਂਈ
ਕਿਵੇਂ ਐਂ....
ਸੱਜਣਾ ਸ਼ੁੱਧ ਏ..?
ਓਸਦੀ ਚੁੱਪ
ਅਤੇ ਘੂਰ
ਕੇ ਤੱਕਣੀ !
ਬਹੁਤ ਕੁਝ
ਸਿਖਾ ਗਈ ਸੀ
ਏਸ ਝੱਲੇ
'ਪਰਮ' ਨੂੰ !
---o---

ਔਕਾਤ

ਐ ਖ਼ੁਦਾ
ਉਹੋ ਜਿਹਾ
ਤਾਂ ਕਦੇ ਵੀ
ਨਾ ਬਣਾਵੀਂ

ਏਸ ਨਾਲੋਂ ਤਾਂ
ਜਿਹੋ ਜਿਹਾ ਹਾਂ
ਉਹੋ ਜਿਹਾ ਹੀ
ਰਹਿਣ ਦੇਵੀਂ

ਚਾਦਰ ਵੇਖ
ਪੈਰ ਪਸਾਰ ਸਕਾਂ
ਬਸ! ਇੰਨ੍ਹੀ ਕੁ
ਔਕਾਤ ਦੇਵੀਂ।
---o---

ਅੰਬਰ ਦੇ ਤਾਰੇ

ਕੀ ਹੋਇਆ
ਜੇ ਮੈਂ ਕਿਸੇ ਦੀ
ਅੱਖ ਦਾ ਤਾਰਾ
ਨਹੀਂ ਬਣ
ਸਕਿਆ
ਐਪਰ ਓਸ
ਅੰਬਰ ਤੋਂ
ਟੁੱਟਿਆ ਹੋਇਆ
ਖ਼ੁਸ਼ਨਸ਼ੀਬ ਤਾਰਾ
ਤਾਂ ਜ਼ਰੂਰ ਹਾਂ!

ਕਿਉਂਕਿ
ਮੇਰੀਆਂ ਇੰਨ੍ਹਾਂ
ਅੱਖਾਂ ਦੇ ਤਾਰੇ
ਅਨੇਕਾਂ ਹੀ ਨੇ
ਜੋ ਏਸ ਨਿਮਾਣੇ ਤੋਂ
ਵਿੱਦਿਆ ਦਾ
ਚਾਨਣ ਲੈ
ਅੰਬਰ ਦੇ ਤਾਰੇ
ਬਣੇ ਨੇ!
ਤੇ ਬਣ ਰਹੇ ਹਨ।
---o---

ਤਾਕਤ

ਜੇ
ਤੇਰੇ ਕੋਲ
ਤਖ਼ਤ ਹੈ
ਤਾਜ ਹੈ
ਤਾਕਤ ਹੈ
ਤਲਵਾਰ ਹੈ

ਤਾਂ ਕੀ ਐ ?
ਮੈਨੂੰ ਇਸਦਾ
ਰਤਾ ਵੀ
ਭੈਅ ਨਹੀਂ...!

ਕਿਉਂਕਿ ਮੇਰੇ ਕੋਲ
ਕਾਗ਼ਜ਼ ਹੈ
ਕਲਮ ਹੈ
ਕਸਦ ਹੈ
ਕਰਮ ਹੈ।
---o---

ਐਗਜ਼ਿਟ ਪੋਲ

ਐਗਜ਼ਿਟ ਪੋਲ
ਵਿਕਾਊ ਮੀਡੀਆ
ਤੇ ਚੈਨਲਾਂ ਦੀ
ਭਵਿੱਖਬਾਣੀ
'ਤੇ ਵਿਸ਼ਵਾਸ
ਜਿਤਾਉਣ ਵਾਲਿਓ

ਨਾ ਭੁੱਲੋ ਕਿ
ਲੋਕਾਂ ਦੀ ਤਾਕਤ
ਦੇ ਅੱਗੇ ਤਾਂ
ਵੱਡੇ-ਵੱਡੇ
ਤਖ਼ਤ-ਓ-ਤਾਜ਼
ਵੀ ਪਲਟਦੇ ਦੇਖੇ ਨੇ।
---o---

ਅਸਲੀ ਘਰ

ਮੈਂ ਤਾਂ ਤੁਰ
ਹੀ ਪਿਆ ਸੀ
ਅਚਾਨਕ ਪਿਛੋਂ
ਆਵਾਜ਼ ਪਈ
'ਕਿੱਥੇ ਚੱਲਿਐਂ ?
ਮੈਂ ਬਿਨ੍ਹਾਂ ਰੁਕੇ
ਉਸਦਾ ਜਵਾਬ ਦਿੱਤਾ
'ਆਪਣੇ ਘਰ !
ਹੈਂ ਐਂ ਐਂ !!
ਤੇਰਾ ਘਰ ਤਾਂ
ਬਹੁਤ ਪਿੱਛੇ
ਰਹਿ ਗਿਐ,
ਉਸਨੇ ਬੜੀ
ਭਾਵੁਕਤਾ ਦੇ ਨਾਲ
ਹੈਰਾਨ ਹੁੰਦੇ ਕਿਹਾ,
'ਪਰ ਇਹ ਰਸਤਾ ਤਾਂ
ਸ਼ਮਸ਼ਾਨ ਨੂੰ ਜਾਂਦੈ !
ਹਾਂ ਪਤੈ
ਇਹੀ ਤਾਂ ਮੇਰਾ
ਅਸਲੀ ਘਰ ਹੈ।
---o---

ਮੇਰਾ ਬਚਪਨ

ਨਹੀਂਓ ਭੁੱਲਣੇ ਬਚਪਨ ਦੀ
ਅਮੀਰੀ ਦੇ ਉਹ ਦਿਨ
ਮੈਨੂੰ ਅੱਜ ਵੀ ਯਾਦ ਐ
ਜਦੋਂ ਕਦੇ-ਕਦਾਈਂ ਘਰੋਂ
ਸਿਰਫ਼ ਦਸੀ ਹੀ
ਮਿਲਦੀ ਸੀ ਖਰਚਣ ਨੂੰ...

ਤੇ ਸੱਚਮੁੱਚ ਉਦੋਂ
ਬਾਬੇ ਗਣੇਸ਼ੇ ਵਾਲੀ ਓਸ
ਹੱਟੀ ਤੋਂ ਦਸ ਪੈਸਿਆਂ
ਦੇ ਨਾਲ ਖ਼ਾਸੀ ਮੁੱਠ
ਭਰ ਜਾਦੀਂ ਸੀ
ਚੀਜ਼ੀ ਦੇ ਨਾਲ...

ਤੇ ਦੂਜੇ ਹੱਥ ਵਿੱਚ
ਰੂੰਗਾ ਲੈ ਕੇ ਮਨ ਨੂੰ
ਇੱਕ ਵੱਖਰਾ ਜੇਹਾ
ਸਕੂਨ ਵੀ ਮਿਲਦਾ
ਤੇ ਦੂਰੋਂ-ਦੂਰੋਂ ਦੜੰਗੇ
ਮਾਰਦੇ ਆਉਦੇਂ...

ਉਂਗਲੀ 'ਚ ਪਾਏ
ਪੋਪਲਿਆਂ ਦੀ ਕਰਚ-ਕਰਚ
ਇਮਲੀ ਦਾ ਸਵਾਦ
ਸੰਤਰੇ ਵਾਲੀਆਂ ਟਾਫ਼ੀਆਂ
ਬਾਜ਼ਰੇ ਦੀਆਂ ਪਿੰਨੀਆਂ ਤੇ
ਟੱਲੀ ਵਾਲੇ ਭਾਈ ਤੋਂ
ਮੋਰ, ਨਲਕਾ ਤੇ ਝੰਡਾ ਬਣਾਉਣਾ

ਸਕੂਲ ਵੇਲੇ ਦੀ
ਅੱਧੀ ਛੁੱਟੀ ਦਾ ਦ੍ਰਿਸ਼
ਮਾਸਟਰ ਹਰਨੇਕ ਸਿੰਘ ਦੀ ਘੂਰੀ
ਤੇ ਅੰਮ੍ਰਿਤ ਭੈਣ ਜੀ ਦਾ ਪਿਆਰ
ਅੱਜ ਵਾਂਗਰਾਂ ਅਤੀਤ ਦੀਆਂ
ਯਾਦਾਂ 'ਚ ਗੁਆਚੇ ਪਲਾਂ 'ਚ
ਚੇਤੇ ਆ ਹੀ ਜਾਂਦੈ।
---o---

ਬਿਰਧ ਮਾਂ

ਮੈਂ ਕੀਕਣ
ਭੁੱਲ ਸਕਨਾ
ਮੇਰੀ ਮਾਂ
ਦੇ ਓਸ
ਝੁਰੜੀਆਂ ਵਾਲੇ
ਚਿਹਰੇ ਅਤੇ
ਅੱਟਣ ਪਏ
ਹੱਥਾਂ 'ਚੋਂ
ਨਰਮਾ ਚੁਗਣ
ਵੇਲੇ ਸਿੱਕਰੀਆਂ
ਦੇ ਨਾਲ
ਪਈਆਂ ਚਿੱਟੀਆਂ
ਉਨ੍ਹਾਂ ਝਰੀਟਾਂ

ਤੇ ਉਨ੍ਹਾਂ
ਝਰੀਟਾਂ ਵਿੱਚੋਂ
ਢਿਲ੍ਹਕੇ ਹੋਏ
ਮਾਸ 'ਚੋਂ
ਸਿੰਮਦੇ ਲਹੂ
ਨਾਲ ਚਿਮਲਾਉਂਦੇ
ਜ਼ਖ਼ਮਾਂ ਦਾ
ਦਰਦ
ਅੱਜ ਵੀ
ਕਾਲਜੇ 'ਚੋਂ
ਰੁੱਗ ਭਰ
ਲੈ ਜਾਂਦੈ।
---o---

ਜ਼ਿਗਰਾ

ਵਲ੍ਹੰਧਰ ਕੇ
ਤਾਂ ਨਾ ਸੁੱਟਦਾ
ਇੰਨ੍ਹਾਂ ਚਾਰ
ਕੁ ਬਚੇ
ਸਾਹਾਂ ਨੂੰ ਵੀ
ਨਿਗ਼ਲ ਲੈਣਾ ਸੀ

ਕਿਸੇ ਧਾਂਤ ਦਾ
ਟੁੱਕੜਾ ਤਾਂ ਨਹੀਂ
ਸੀ ਦਿਲ ਮੇਰਾ ?
ਜੋ ਸੇਕ ਲੱਗਣ 'ਤੇ
ਪਿਘਲ ਪੈਣਾ ਸੀ

ਦੇਖ ਜ਼ਿਗਰਾ
ਰੋਹੀ ਵਿੱਚ
ਮੁਸਕਰਾਉਂਦੇ ਹੋਏ
ਰੁੱਖ ਦਾ 'ਪਰਮ'
ਤੇਰੇ ਲਈ ਤਾਂ ਇਹ
ਮੁਸ਼ਕਿਲ ਹੋਣਾ ਸੀ।
---o---

ਆ ਸਾਕੀ ਆ

ਆ ਸਾਕੀ ਆ...
ਕੁਝ ਮੇਹਰ ਤਾਂ ਕਰ
ਜਾਮ ਓਹਦੇ ਨੈਣਾਂ ਦਾ
ਯਾਰ ਲਈ ਤਾਂ ਭਰ।
ਆ ਸਾਕੀ ਆ...
ਕੁਝ ਹੈ ਤਾ ਪਿਲਾ ਜਾ
ਨੈਣਾਂ ਨਾਲ ਨਜ਼ਰਾਂ ਤੂੰ
ਜਰਾ ਹੱਸ ਕੇ ਮਿਲਾ ਜਾ।
ਆ ਸਾਕੀ ਆ...
ਹੈ ਮੌਸਮ ਸੁਹਾਵਣਾ
ਵਾਸਤਾ ਈ ਮੇਰਾ
ਛੱਡ ਦੂਰ ਨਾ ਜਾਵਣਾ।
ਆ ਸਾਕੀ ਆ...
ਦਰਿਆ ਦੇ ਕਿਨਾਰੇ
ਅੰਤਾ ਦੀ ਪਿਆਸ
ਬਸ! ਤੇਰੇ ਹੀ ਸਹਾਰੇ।
ਆ ਸਾਕੀ ਆ
ਬਾਤ ਇਲਮ ਦੀ ਪਾ
ਅਗਿਆਨਤਾ ਦਾ ਹਨ੍ਹੇਰਾ
ਸ਼ਬਦਾਂ ਨਾਲ ਰੁਸ਼ਨਾ।
ਆ ਸਾਕੀ ਆ
ਪੂਰ ਬੇੜੀ ਦਾ ਨਾ ਬਣ
ਭਟਕੇ ਹੋਏ ਰਾਹੀ ਦਾ
ਰਾਹ-ਦਸੇਰਾ ਤੂੰ ਬਣ।
ਆ ਸਾਕੀ ਆ
ਅੱਖ ਫਰਕਦੀ ਮੇਰੀ
ਤਾਂਘ ਤੈਨੂੰ ਮਿਲਣੇ ਦੀ
ਜ਼ਿੰਦ ਤੜਪਦੀ ਮੇਰੀ।
---o---

ਕਾਰਗਿਲ ਦੀ ਜੰਗ

ਕਈ ਮਾਵਾਂ ਦੇ ਪੁੱਤ,
ਭੈਣਾਂ ਦੇ ਵੀਰ ,
ਤੇ ਸੁਹਾਗਣਾਂ ਦੇ ਸੁਹਾਗ ,
ਸ਼ਹੀਦ ਹੋਏ ਵਿੱਚ ਜੰਗ ।

ਕਾਰਗਿਲ ਦੀ ਜੰਗ-ਕਾਰਗਿਲ ਦੀ ਜੰਗ ।

ਦਿਨ ਰਾਤ ਜੂਝ ,
ਮੰਜ਼ਿਲ ਵੱਲ ਵਧਦੇ ,
ਰੱਖੀ ਮਨ ਵਿੱਚ ਵੇਖੋ ,
ਘਰ ਪਰਤਣ ਦੀ ਉਮੰਗ।

ਕਾਰਗਿਲ ਦੀ ਜੰਗ-ਕਾਰਗਿਲ ਦੀ ਜੰਗ ।

ਕਦਮ ਦਰ ਕਦਮ,
ਰਹੇ ਮੌਤ ਦਾ ਖੌਫ਼,
ਹੈ ਮਨ ਦੀ ਲਾਲਸਾ,
ਦੇਖਣੇ ਜ਼ਿੰਦਗੀ ਦੇ ਰੰਗ।

ਕਾਰਗਿਲ ਦੀ ਜੰਗ-ਕਾਰਗਿਲ ਦੀ ਜੰਗ ।

ਕਈ ਮੁੜ ਆਏ ਜਿਉਂਦੇ,
ਤੇ ਕਈਆਂ ਦੀਆਂ ਲਾਸ਼ਾਂ,
ਸੁੰਨੀ ਹੋਈ ਵੀਣੀ,
ਰਹੀ ਇੱਕ ਵੀ ਨਾ ਵੰਗ।

ਕਾਰਗਿਲ ਦੀ ਜੰਗ-ਕਾਰਗਿਲ ਦੀ ਜੰਗ।
---o---

ਕਦੋਂ ਤੱਕ

ਕਦੋਂ ਤੱਕ ?
ਅਕਸਰ ਸੋਚਦਾ ਹਾਂ
ਉਲਝਿਆ ਰਹੇਗਾ
ਜ਼ਿੰਦਗੀ ਜਿਊਣ ਦਾ ਇਹ ਤਾਣਾ ਬਾਣਾ ।
ਕਦੋ ਤੱਕ ?
ਜਵਾਨ ਧੀਆਂ
ਵਹਿਸ਼ੀ ਦਰਿਦਿੰਆਂ ਹੱਥੋਂ
ਹੁੰਦੀਆਂ ਰਹਿਣਗੀਆਂ ਬਲਾਤਕਾਰ ਦਾ ਸ਼ਿਕਾਰ।
ਕਦੋਂ ਤੱਕ ?
ਕੁੱਲੀ, ਗੁੱਲੀ, ਜੁੱਲੀ
ਨੂੰ ਤਰਸਦਾ ਇਹ ਗਰੀਬ
ਭੁੱਖ ਮਿਟਾ, ਸੌਂ ਸਕੇਗਾ ਆਪਣੇ ਘਰ ਚੈਨ ਦੀ ਨੀਂਦ ।
ਕਦੋਂ ਤੱਕ ?
ਏਸ ਕਲਯੁਗੀ
ਸਮਾਜ ਅੰਦਰ
ਮੁਟਿਆਰਾਂ ਤੇ ਫੱਟਦਾ ਰਹੇਗਾ ਸਟੋਵ ਦਾਜ਼ ਖਾਤਿਰ !
ਕਦੋਂ ਤੱਕ ?
ਹੱਥਾਂ ਵਿੱਚ ਡਿਗਰੀਆਂ ਫੜੀ
ਹੋਣਗੇ ਜ਼ਲੀਲ
ਭ੍ਰਿਸ਼ਟ ਹਾਕਮਾਂ ਦੀ ਕਚਿਹਿਰੀ ਵਿਚ ਸਾਡੇ ਇਹ ਨੌਜਵਾਨ।
ਕਦੋਂ ਤੱਕ ?
ਮੇਰੇ ਇਹ ਪੰਜ ਆਬਾਂ ਦੀ ਧਰਤੀ
ਪੰਜਾਬ ਨੂੰ ਸਿਆਸਤ ਦੇ
ਇਹਨਾਂ ਠੇਕੇਦਾਰ ਹੱਥੋਂ ਹੋਣਾ ਪਏਗਾ ਜ਼ਲੀਲ।
ਕਦੋਂ ਤੱਕ ?
ਮਿਟ ਸਕਣਗੇ ਉਚ-ਨੀਚ,
ਜਾਤ-ਪਾਤ
ਰੰਗ ਨਸਲ, ਵੈਰ-ਵਿਰੋਧ ਦੇ ਇਹ ਭੇਦ ਭਾਵ।
ਅਕਸਰ ਸੋਚਦਾ ਹਾਂ
ਕਦੋਂ ਤੱਕ ? ਕਦੋਂ ਤੱਕ ? ਕਦੋਂ ਤੱਕ ?

---o---

ਕੁੱਝ ਸ਼ਬਦ

ਕੁੱਝ ਸ਼ਬਦ
ਸਿਰਫ਼ ਮੇਰੇ ਹਿੱਸੇ ਹੀ ਆਏ ਹਨ।
ਜਿਨ੍ਹਾਂ ਦਾ ਖੁਲਾਸਾ ਕਰਨਾ ਮੁਮਕਿਨ ਨਹੀਂ ,
ਐਪਰ ਖੁਲਾਸਾ ਕਰਨਾ ਪੈ ਵੀ ਜਾਵੇ
ਤਾਂ ਤਨ ਮਨ ਹੋ ਜਾਂਦਾ ਹੈ ਏ ਚੂਰੋ-ਚੂਰ ।
ਕੁੱਝ ਸ਼ਬਦ
ਐਸੇ ਹਨ ਜੋ ਦਿੰਦੇ ਨੇ ਦਿਲਾਸਾ,
ਤੇ ਭਰਦੇ ਹਨ ਮੇਰੀ ਹਰ ਗਲ ਦਾ ਹੁੰਗਾਰਾ
ਇੱਕ ਸੱਚੇ ਸਾਥੀ ਦੇ ਵਾਂਗ।
ਕੁੱਝ ਸ਼ਬਦ
ਤਾਂ ਮੇਰੀ ਰੂਹ ਦੀ ਖੁਰਾਕ ਨੇ,
ਜਿਨ੍ਹਾਂ ਨੂੰ ਪੜ੍ਹ, ਲਿਖ ਤੇ ਬੋਲ
ਮਨ ਨੂੰ ਮਿਲਦਾ ਹੈ ਅਥਾਂਹ ਸਕੂਨ।
ਕੁੱਝ ਸ਼ਬਦ
ਤਾਂ ਵਾਂਗ ਅੰਮ੍ਰਿਤ ਲਗਦੇ ਨੇ,
ਵਾਰ ਵਾਰ ਪੜ੍ਹ ਹੁੰਦੀ ਹੈ ਪ੍ਰਤੀਤ
ਅਚੇਤ ਮਨ ਅੰਦਰ 'ਪਰਮ-ਆਤਮਾ' ਦੀ ਜੋਤ।
ਕੁੱਝ ਸ਼ਬਦ
ਪਤਾ ਨਹੀਂ ਕਿਉਂ ਚੰਗੇ ਨਹੀਂ ਲੱਗਦੇ,
ਤਾਂ ਫਿਰ ਲਿਖਣ, ਪੜ੍ਹਨ ਤੇ ਬੋਲਣ
ਦਾ ਕਰ ਲੈਂਦਾ ਹਾ ਕਿਨਾਰਾ।
---o---

ਲੋਹੜੀ ਮੁਬਾਰਕ

ਧੀਆਂ ਦਾ ਜੋ ਕਰੇ ਸਨਮਾਨ
ਪੁੱਤਰਾਂ ਵਾਂਗ ਜੋ ਦੇਂਦਾ ਮਾਣ
ਉਸ ਨੂੰ ਲੋਹੜੀ ਮੁਬਾਰਕ!

ਊਚ ਨੀਚ ਦਾ ਭੇਦ ਨਾ ਜਾਣੇ
ਗਰੀਬਾਂ ਦਾ ਜੋ ਦਰਦ ਪਛਾਣੇ
ਉਸ ਨੂੰ ਲੋਹੜੀ ਮੁਬਾਰਕ!

ਜੋ ਭਲਾ ਮਨੁੱਖਤਾ ਦਾ ਕਰਦਾ
ਬੁੱਢੇ ਮਾਂ ਬਾਪ ਦੀ ਸੇਵਾ ਕਰਦਾ
ਉਸ ਨੂੰ ਲੋਹੜੀ ਮੁਬਾਰਕ!

ਬਣਦਾ ਸਮੇਂ ਦੇ ਜੋ ਹਾਣਦਾ
ਚੰਗਾ ਲਿਖਣ ਤੇ ਸੋਹਣਾ ਗਾਣ ਦਾ
ਉਸ ਨੂੰ ਲੋਹੜੀ ਮੁਬਾਰਕ!

ਜੋ ਸੇਵਕ ਹੈ ਸੱਚੀ ਸਰਕਾਰ ਦਾ
ਰਿਸ਼ਵਤ ਨੂੰ ਮੂੰਹ ਨਹੀਂ ਮਾਰਦਾ
ਉਸ ਨੂੰ ਲੋਹੜੀ ਮੁਬਾਰਕ!

ਜੋ ਪਹਿਰਾ ਦਿੰਦਾ ਹੈ ਹੱਦਾਂ 'ਤੇ
ਦੇਸ਼ ਲਈ ਲੜਦਾ ਸਰਹੱਦਾਂ 'ਤੇ
ਉਸ ਨੂੰ ਲੋਹੜੀ ਮੁਬਾਰਕ!

ਜੋ ਸਾਂਭੇ ਕੁਦਰਤ ਦੇ ਜਾਮੇ ਨੂੰ
ਮੈਂ ਸੀਸ ਝੁਕਾਵਾਂ ਉਸ ਕਾਮੇ ਨੂੰ
ਉਸ ਨੂੰ ਲੋਹੜੀ ਮੁਬਾਰਕ!

ਜੋ ਕਰਦਾ ਖ਼ੂਨ ਦਾ ਦਾਨ ਹੈ
ਸਭ ਦਾਨਾਂ ਵਿੱਚੋ ਮਹਾਨ ਹੈ
ਉਸ ਨੂੰ ਲੋਹੜੀ ਮੁਬਾਰਕ!
---o---

ਮਹਿਕ

ਸਾਜ਼ ਅੰਬਰ 'ਤੇ ਗੂੰਜੇ ਕੀਕਣ,
ਹਵਾ ਵੀ ਕਿੰਝ ਮੁਸਕਾਈ ਹੈ।

ਕੋਲਾਂ ਕੂਕਣ, ਚਿੜੀਆਂ ਚੂਕਣ,
ਵੇਖੋ ਪੈਲ ਮੋਰਾਂ ਨੇ ਪਾਈ ਹੈ।

ਸਰਕੜਾ ਝੂੰਮੇ ਨਾਲ ਹਵਾ ਦੇ,
ਵੇਖੋ ਅੰਬਰੀ ਉੱਡੀ ਕਾਹੀ ਹੈ।

ਹਰਾ ਕਚਾਰ ਮਰੂਏ ਦਾ ਬੂਟਾ
ਜਿਸਨੇ ਮਹਿਕ ਚੁਫ਼ੇਰੇ ਲਾਈ ਹੈ।

ਫੁੱਲ ਕਿੱਕਰਾਂ ਦੇ ਹੱਸਦੇ ਨੇ
ਕਿੰਨੀ ਅੰਬਰ 'ਤੇ ਰੌਣਕ ਛਾਈ ਹੈ।

ਘੋਰ ਘਟਾਵਾਂ ਹਨ੍ਹੇਰ ਪਸਰਿਆ,
ਇੰਦਰ ਨੇ ਵੀ ਭੂਰ ਬਰਸਾਈ ਹੈ।

ਨਣਦਾਂ, ਭਰਜਾਈਆਂ 'ਕੱਠੀਆਂ ਹੋ,
ਪਿੱਪਲਾਂ 'ਤੇ ਪੀਂਘ ਝੂਟਾਈ ਹੈ।
---o---

ਨੰਨ੍ਹੀ ਛਾਂ

ਅੱਜ ਤਾਂ ਇਹ
ਨੰਨ੍ਹੀਆਂ ਛਾਵਾਂ
ਪਲ-ਪਲ
ਮਰਦੀਆਂ ਨੇ
ਤੇ ਹਾਉਂਕੇ ਭਰਦੀਆਂ ਨੇ
ਕਦੇ ਗਰਭ 'ਚ
ਕਦੇ ਤੇਜ਼ਾਬ ਦਾ ਸ਼ਿਕਾਰ
ਕਦੇ ਦਾਜ਼ ਦੀ ਬਲੀ
ਤੇ ਕਦੇ ਬੱਸਾਂ ਵਿੱਚ।

ਅੱਜ ਹੈ ਕੋਈ
ਇਨ੍ਹਾਂ ਦੇ ਹਉਂਕਿਆਂ,
ਹਾਵਾਂ ਤੇ ਦਰਦ ਨੂੰ
ਸੁਣਨ ਵਾਲਾ ?
ਸ਼ਾਇਦ ਨਹੀਂ..!
ਕਿਉਂਕਿ ਪੈਸੇ ਦੇ ਨਾਲ
ਸਭ ਕੁੱਝ
ਖਰੀਦਿਆ ਜਾ ਸਕਦੈ
ਪਰ ਜ਼ਮੀਰ ਨਹੀਂ..!!

ਅੱਜ ਕਿੰਝ ਆਖੀਏ
ਓਸ ਵਾਰਸ ਸ਼ਾਹ ਨੂੰ
ਕਿ ਇੱਕ ਵਾਰ ਫੇਰ
ਤੂੰ ਕਬਰਾਂ ਵਿੱਚੋਂ ਬੋਲ
ਪਰ ਨਹੀਂ ਅੱਜ
ਵਾਰਸ ਵੀ ਖਾਮੋਸ਼ ਹੈ ਕਿਉਂਕਿ
ਏਸ ਗਿਣਤੀ ਦਾ ਅੰਕੜਾ
ਲੱਖਾਂ ਤੋਂ ਕਰੋੜੀਂ ਪੁੱਜ ਗਿਐ।
---o---

ਰੋਸ

ਦਿਲ ਤਾਂ ਵਲੂਧਰਿਆ ਪਿਐ
ਦਿਵਾਲੀ ਮਨਾਵਾਂ ਕਿਸ ਤਰ੍ਹਾਂ ?
ਮੇਰੇ ਗੁਰੂ ਦਾ ਹੋਇਆ ਅਪਮਾਨ
ਦੀਪ ਜਲਾਵਾਂ ਕਿਸ ਤਰ੍ਹਾਂ ?

ਮਨ ਦੇ ਵਿੱਚ ਇੱਕ ਰੋਸ ਹੈ,
ਪਰ ਫਿਰ ਵੀ ਸਬਰ ਸੰਤੋਖ਼ ਹੈ,
ਸਭ ਚਾਅ ਸਧਰਾਂ ਹੋ ਗਏ ਚੂਰ
ਮੈਂ ਘਰ ਸਜ਼ਾਵਾਂ ਕਿਸ ਤਰ੍ਹਾਂ ?

ਰਾਮ ਮੇਰਾ ਏ ਰਹੀਮ ਮੇਰਾ ਏ,
ਗੁਰੂ ਨਾਨਕ ਤੇ ਯਿਸ਼ੂ ਵੀ ਮੇਰਾ ਏ,
ਕਿਹੜੇ ਦਰ ਤੇ ਜਾ ਕੇ ਹੁਣ
ਮਨ ਨੂੰ ਸਮਝਾਵਾਂ ਕਿਸ ਤਰ੍ਹਾਂ ?

ਕਿਉਂ ਜ਼ਿੰਦਰੇ ਮਾਰਦੈਂ ਪੈਸੇ ਨੂੰ
ਜਾ ਲੱਛਮੀ ਨੂੰ ਵੀ ਰੋਕ ਦਿਓ,
ਮੇਰਾ ਸੁਰੱਖਿਅਤ ਨਾ ਭਗਵਾਨ
ਮੈਂ ਧੂਫ਼ ਧੁਖਾਵਾਂ ਕਿਸ ਤਰ੍ਹਾਂ ?

ਯਾ ਮੌਲਾ ਤੂੰ ਮਿਹਰ ਕਰੀਂ
ਕਾਲੀਆਂ ਕਰਤੂਤਾਂ ਵਾਲੇ ਲੋਕਾਂ 'ਤੇ
'ਪਰਮ' ਦੇ ਸੀਨੇ ਧੁੱਖਦੇ ਨੇ
ਅੰਗਿਆਰ ਬੁਝਾਵਾਂ ਕਿਸ ਤਰ੍ਹਾਂ ?
---o---

ਅਲੋਪ ਰੰਗ

ਜੰਡ, ਕਰੀਰ, ਚੰਨਣ
ਸਰ, ਕਾਨਾ, ਅੱਕ
ਮਲ੍ਹ, ਪੀਲਾਂ ਤੇ ਬਣ

ਹੋਲਾਂ, ਮਰੂੰਡਾ, ਸੱਤੂ
ਪਤੌੜ, ਮੱਠੀਆਂ-ਗੁਲਗਲ਼ੇ
ਭੇਲੀ, ਖ਼ੁੰਬਾਂ ਤੇ ਸਵੱਝਣ।

ਹਲ਼, ਤੰਗਲੀ, ਸੁਹਾਗਾ
ਸਾਲੰਘ, ਗੱਡਾ, ਢੀਂਡੀ
ਸੇਪੀ, ਅਹਿਰਣ, ਤੇ ਘਣ।

ਕੁੱਚ, ਗੁੱਝ, ਅਟੇਰਨ
ਚਰਖ਼ਾ, ਪਣਖ਼, ਮੰਜ਼ੇਰੂ
ਖੇਸ, ਸੂਤ, ਤਾਣੀ ਤੇ ਤਣ।

ਪਾਈਆ, ਸੇਰ, ਦਸੇਰ
ਗ਼ਜ਼, ਕਰਮ, ਮਰਲਾ
ਪੰਸੇਰੀ ਸਟਾਂਕ ਤੇ ਮਣ।

ਅਰਿੰਡ, ਭੱਖੜਾ, ਲੇਹਾ
ਥੋਰ, ਤੁੱਕੇ, ਡੇਲੇ
ਪੋਲੀ, ਕਸੀਰ ਤੇ ਕਣ।

ਢਾਲ੍ਹ, ਨੇਜ਼ਾ, ਭਾਲਾ
ਕਿਰਚ, ਕਰਦ, ਬਰਛੀ
ਤੀਰ-ਕਮਾਨ ਤੇ ਰਣ।

ਖੱਡ, ਟੋਭਾ, ਛੱਪੜ
ਖੂਹ, ਟਿੰਡਾਂ, ਕੱਸੀ
ਚਿੱਕੜ, ਚਾਲਾ ਤੇ ਪੱਤਣ।

ਕੰਧੂਈ, ਸੱਬਲ, ਰੰਬਾ
ਗੁੱਲ-ਮੇਖ਼, ਦਾਤੀ, ਦੁਰਮਟ
ਟੋਕਾ, ਤਸਲਾ ਤੇ ਕੁੱਢਣ।

ਭੁੱਬਲ, ਹਾਰਾ, ਤੌੜੀ
ਰਿੜਕਨਾਂ, ਨੇਹੀਂ, ਕੂੰਡਾ
ਕੰਧੋਲੀ, ਚਾਪੜ ਤੇ ਚੱਪਣ।

ਫੁੱਟ, ਨੇਕੜੂ, ਥੇਈ
ਛਿੱਡੀ, ਲੂਹਾ, ਬੌਲੀ
ਜਾਗ, ਮਲਾਈ ਤੇ ਮੱਖਣ।

ਹਾੜ, ਸੌਣ, ਭਾਦੋਂ
ਅੱਸੂ, ਕੱਤਾ, ਮੱਘਰ
ਪੋਹ, ਮਾਘ ਤੇ ਫੱਗਣ।

ਚਰ੍ਹੀ, ਮੱਕੀ, ਬਾਜ਼ਰਾ
ਗਵਾਰਾ, ਜਵਾਰ, ਬਰਸੀਨ
ਮੋਥਰਾ, ਇਟਸਿਟ ਤੇ ਖ਼ੱਬਲ।

ਗੁੱਲੀ-ਡੰਡਾ, ਖਿੱਦੋ, ਗੁੜਕਾਨਾ
ਗੁੱਡੀਆਂ-ਪਟੋਲੇ, ਪੀਚੋ, ਕਿੱਕਲੀ
ਬਾਦਰ-ਕਿੱਲਾ, ਪਿੱਠੂ ਮੀਟੀ ਤੇ ਲੁਕਣ।

ਬੁੰਦੇ, ਫੁੱਲ-ਸੱਗੀ, ਝਾਂਜਰਾਂ
ਘੱਗਰੇ, ਸੂਫ਼, ਫੁਲਕਾਰੀ
ਡੋਰੀਆ, ਪਰਾਂਦੇ ਤੇ ਕੱਫ਼ਣ।

ਕੌਡੀ, ਟਕਾ, ਆਨਾ
ਪੰਝੀਂ, ਦਸੀ, ਚੁਆਨੀ
ਧੇਲੀ, ਸੋਲਾਂ ਆਨੇ ਤੇ ਭਾਣ।
---o---